ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 124 | Friday, June 24, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਦੁਨੀਆ ਦੇ 10 ਬਿਹਤਰੀਨ ਸ਼ਹਿਰਾਂ ਵਿਚ ਸ਼ੁਮਾਰ ਹੋਏ ਕੈਨੇਡਾ ਦੇ ਤਿੰਨ ਸ਼ਹਿਰ

ਓਟਵਾ, 23 ਜੂਨ (ਪੋਸਟ ਬਿਊਰੋ) : ਤਿੰਨ ਕੈਨੇਡੀਅਨ ਸ਼ਹਿਰ ਰਹਿਣ ਦੇ ਹਿਸਾਬ ਨਾਲ ਦੁਨੀਆ ਵਿੱਚ 10 ਸੱਭ ਤੋਂ ਉਮਦਾ ਸ਼ਹਿਰਾਂ ਵਿੱਚ ਸ਼ੁਮਾਰ ਹੋ ਗਏ ਹਨ।



ਇਕਨੌਮਿਸਟ ਇੰਟੈਲੀਜੈਂਸ ਯੂਨਿਟ ਦੇ ਗਲੋਬਲ ਲਿਵੇਬਿਲਿਟੀ ਇੰਡੈਕਸ 2022 ਵੱਲੋਂ ਤਿਆਰ ਕੀਤੀ ਗਈ ਇਸ ਸਾਲਾਨਾ ਦਰਜੇਬੰਦੀ ਵਿੱਚ ਇੱਕ ਵਾਰੀ ਫਿਰ ਵਿਏਨਾ, ਆਸਟਰੀਆ ਨੇ ਸੱਭ ਤੋਂ ਸਿਖਰਲਾ ਸਥਾਨ ਹਾਸਲ ਕੀਤਾ ਹੈ ਜਦਕਿ ਪਿਛਲੇ ਸਾਲ ਕੋਵਿਡ ਸਬੰਧੀ ਪਾਬੰਦੀਆਂ, ਮਿਊਜ਼ੀਅਮ ਅਤੇ ਰੈਸਟੋਰੈਂਟ ਬੰਦ ਹੋਣ ਕਾਰਨ ਵਿਏਨਾ ਤੋਂ ਵੀ ਇਸ ਦਾ ਸਿਖਰਲਾ ਸਥਾਨ ਖੁੱਸ ਗਿਆ ਸੀ।

ਜੇ ਤੁਸੀਂ ਕੈਲਗਰੀ ਜਾਂ ਵੈਨਕੂਵਰ ਵਿੱਚ ਰਹਿੰਦੇ ਹੋ ਤਾਂ ਤੁਸੀਂ ਦੁਨੀਆ ਦੇ ਸੱਭ ਤੋਂ ਜ਼ਿਆਦਾ ਬਿਹਤਰੀਨ ਸ਼ਹਿਰਾਂ ਵਿੱਚੋਂ ਇੱਕ ਵਿੱਚ ਰਹਿ ਰਹੇ ਹੋਂ। ਇਹ ਸ਼ਹਿਰ ਦੁਨੀਆਂ ਦੇ ਸੱਭ ਤੋਂ ਬਿਹਤਰ ਸ਼ਹਿਰਾਂ ਵਿਏਨਾ, ਕੋਪਨਹੈਗਨ, ਡੈੱਨਮਾਰਕ ਤੇ ਜ਼ਿਊਰਿਖ਼, ਸਵਿਟਜ਼ਰਲੈਂਡ ਤੋਂ ਬਾਅਦ ਸੱਭ ਤੋਂ ਵਧੀਆ ਸ਼ਹਿਰ ਦੱਸੇ ਗਏ ਹਨ।

ਟੋਰਾਂਟੋ ਚੌਥੇ ਸਥਾਨ ਤੋਂ ਅੱਠਵੇਂ ਪਾਏਦਾਨ ਉੱਤੇ ਖਿਸਕ ਗਿਆ ਹੈ। ਇਨ੍ਹਾਂ 10 ਟੌਪ ਕਲਾਸ ਸ਼ਹਿਰਾਂ ਵਿੱਚ ਥਾਂ ਬਣਾਉਣ ਵਾਲੇ ਗੈਰ ਯੂਰਪੀਅਨ ਸ਼ਹਿਰਾਂ ਵਿੱਚ ਜਾਪਾਨ ਦਾ ਓਸਾਕਾ ਤੇ ਆਸਟਰੇਲੀਆ ਦਾ ਮੈਲਬਰਨ ਸ਼ਾਮਲ ਹਨ। ਇਹ ਦਰਜੇਬੰਦੀ ਸਮੁੱਚੀ ਸਥਿਰਤਾ, ਹੈਲਥਕੇਅਰ, ਕਲਚਰ ਅਤੇ ਐਨਵਾਇਰਮੈਂਟ, ਸਿੱਖਿਆ ਤੇ ਇਨਫਰਾਸਟ੍ਰਕਚਰ ਉੱਤੇ ਆਧਾਰਤ ਹੈ।

### ਅੰਦਰ ਇਹ ਵੀ ਪੜ੍ਹੋ

ਨੌਰਥ ਅਮੈਰੀਕਨ ਡਿਫੈਂਸ ਸਿਸਟਮ ਨੂੰ ਆਧੁਨਿਕ ਰੂਪ ਦੇਣ ਲਈ ਕੈਨੇਡਾ ਸਰਕਾਰ ਕਰੇਗੀ 4.9 ਬਿਲੀਅਨ ਡਾਲਰ ਦਾ ਨਿਵੇਸ਼


ਪੰਨਾ 03

ਨੇੜ ਭਵਿੱਖ ਵਿਚ ਘਟਣ ਨਹੀਂ ਵਾਲੀ ਏਅਰਪੋਰਟਸ ਦੀ ਮਸ਼ਰੂਫੀਅਤ


ਪੰਨਾ 04

## ਆਰਸੀਐਮਪੀ ਉੱਤੇ ਦਬਾਅ ਪਾਉਣ ਤੋਂ ਟਰੂਡੋ ਨੇ ਕੀਤਾ ਇਨਕਾਰ,ਕਮੇਟੀ ਕਰੇਗੀ ਜਾਂਚ

ਓਟਵਾ, 23 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਰਸੀਐਮਪੀ ਕਮਿਸ਼ਨਰ ਬ੍ਰੈਂਡਾ ਲੱਕੀ ਉੱਤੇ ਅਜੇ ਵੀ ਪੂਰਾ ਭਰੋਸਾ ਹੈ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਸਰਕਾਰ ਨੇ ਨੈਸ਼ਨਲ ਪੁਲਿਸ ਫੋਰਸ ਉੱਤੇ ਕਿਸੇ ਕਿਸਮ ਦਾ ਦਬਾਅ ਜਾਂ ਪ੍ਰਭਾਵ ਪਾਇਆ।



ਇਸ ਤਰ੍ਹਾਂ ਇਨਕਾਰ ਦੇ ਬਾਵਜੂਦ ਬਸੰਤ ਦੀ ਇਸ ਸਿਟਿੰਗ ਦੇ ਫਾਈਨਲ ਪ੍ਰਸ਼ਨ ਕਾਲ ਦੌਰਾਨ ਇਹ ਮੁੱਦਾ ਬਣਿਆ ਰਿਹਾ ਤੇ ਹੁਣ ਇਸ ਮੁੱਦੇ ਦਾ ਚੰਗੀ ਤਰ੍ਹਾਂ ਅਧਿਐਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਹੁਣ ਕਮੇਟੀ ਕਰੇਗੀ।

ਮਾਊਂਟੀਜ਼ ਦੀ ਇਹ ਹੈੱਡ ਤੇ ਲਿਬਰਲ ਸਰਕਾਰ ਉਸ ਸਮੇਂ ਸਾਰਿਆਂ ਦੀਆਂ ਨਜ਼ਰਾਂ ਵਿੱਚ ਆਈ ਜਦੋਂ ਅਪਰੈਲ 2020 ਵਿੱਚ ਨੋਵਾ ਸਕੋਸ਼ੀਆ ਵਿੱਚ 22 ਵਿਅਕਤੀਆਂ ਦੇ ਹੋਏ ਕਤਲੇਆਮ ਦੇ ਮਾਮਲੇ ਦੀ ਜਾਂਚ ਵਿੱਚ ਉਨ੍ਹਾਂ ਉੱਤੇ ਸਿਆਸੀ ਦਖਲਅੰਦਾਜ਼ੀ ਦੇ ਦੋਸ਼ ਲੱਗੇ। ਮੰਗਲਵਾਰ ਨੂੰ ਛਪੀ ਇੱਕ ਰਿਪੋਰਟ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਆਰਸੀਐਮਪੀ ਦੇ ਸੁਪਰਡੈਂਟ ਵੱਲੋਂ ਲੱਕੀ ਉੱਤੇ ਦੋਸ਼ ਲਾਉਂਦਿਆਂ ਆਖਿਆ ਗਿਆ ਹੈ ਕਿ ਉਸ ਨੇ ਫੈਡਰਲ ਪਬਲਿਕ ਸੇਫਟੀ ਡਿਪਾਰਟਮੈਂਟ ਤੇ ਪ੍ਰਧਾਨ ਮੰਤਰੀ ਆਫਿਸ ਨੂੰ ਇਹ ਵਾਅਦਾ ਕੀਤਾ ਸੀ ਕਿ ਸ਼ੂਟਰ ਵੱਲੋਂ ਜਿਨ੍ਹਾਂ ਗੰਨਜ਼ ਦੀ ਵਰਤੋਂ ਕੀਤੀ ਗਈ ਸੀ ਉਸ ਬਾਰੇ ਜਾਣਕਾਰੀ ਰਲੀਜ਼ ਕੀਤੀ ਜਾਵੇਗੀ।

ਇਹ ਵੀ ਸਾਹਮਣੇ ਆਇਆ ਕਿ ਇਹ ਮਾਮਲਾ ਪੈਂਡਿੰਗ ਪਏ ਗੰਨ ਕੰਟਰੋਲ ਬਿੱਲ ਨਾਲ ਜੁੜਿਆ ਹੋਇਆ ਹੈ। ਇਸ ਹਫਤੇ ਕਾਮਨਵੈਲਥ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਕਿਗਾਲੀ, ਰਵਾਂਡਾ ਗਏ ਟਰੂਡੋ ਨੇ ਆਖਿਆ ਕਿ ਆਰਸੀਐਮਪੀ ਉੱਤੇ ਕਿਸੇ ਕਿਸਮ ਦਾ ਦਬਾਅ ਜਾਂ ਪ੍ਰਭਾਵ ਨਹੀਂ ਪਾਇਆ ਗਿਆ। ਉਨ੍ਹਾਂ ਆਖਿਆ ਕਿ ਕਿਹੜੀ ਜਾਣਕਾਰੀ ਜਾਰੀ ਕਰਨੀ ਹੈ ਤੇ ਕਦੋਂ ਕਰਨੀ ਹੈ ਇਸ ਦਾ ਫੈਸਲਾ ਆਰਸੀਐਮਪੀ ਹੀ ਕਰੇਗੀ ਤੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਲੱਕੀ ਦੀ ਕਾਬਲੀਅਤ ਤੇ ਉਨ੍ਹਾਂ ਦੇ ਹੱਥ ਆਰਸੀਐਮਪੀ ਦੀ ਸੌਂਪੀ ਗਈ ਵਾਗਡੋਰ ਉੱਤੇ ਪੂਰਾ ਭਰੋਸਾ ਹੈ।

## ਸਿਲਵੀਆ ਜੋਨਜ਼ ਹੋ ਸਕਦੀ ਹੈ ਅਗਲੀ ਸਿਹਤ ਮੰਤਰੀ

ਓਨਟਾਰੀਓ, 23 ਜੂਨ (ਪੋਸਟ ਬਿਊਰੋ) : ਸਿਹਤ ਮੰਤਰੀ ਵਜੋਂ ਪ੍ਰੀਮੀਅਰ ਡੱਗ ਫੋਰਡ ਦਾ ਝੁਕਾਅ ਸਿਲਵੀਆ ਜੋਨਜ਼ ਵੱਲ ਨਜ਼ਰ ਆ ਰਿਹਾ ਹੈ। ਇਹ ਜਾਣਕਾਰੀ ਅੰਦਰੂਨੀ ਸੂਤਰਾਂ ਵੱਲੋਂ ਦਿੱਤੀ ਗਈ।



2007 ਤੋਂ ਐਮਪੀਪੀ ਜੋਨਜ਼ ਪਹਿਲਾਂ ਸਾਲੀਸਿਟਰ ਜਨਰਲ ਰਹਿ ਚੁੱਕੀ ਹੈ ਤੇ ਉਨ੍ਹਾਂ ਕੋਵਿਡ-19 ਦੌਰਾਨ ਸਰਕਾਰ ਵੱਲੋਂ ਨਿਭਾਈ ਭੂਮਿਕਾ ਵਿੱਚ ਅਹਿਮ ਯੋਗਦਾਨ ਪਾਇਆ। ਕ੍ਰਿਸਟੀਨ ਐਲੀਅਟ ਦੇ 2 ਜੂਨ ਨੂੰ ਹੋਈਆਂ ਚੋਣਾਂ ਵਿੱਚ ਖੜ੍ਹੇ ਨਾ ਹੋਣ ਦਾ ਫੈਸਲਾ ਕਰਨ ਕਾਰਨ ਇਹ ਅਹੁਦਾ ਖਾਲੀ ਹੋ ਗਿਆ ਹੈ। ਅਹਿਮ ਅਹੁਦਾ ਹੋਣ ਕਾਰਨ ਇਸ ਨੂੰ ਭਰਨ ਲਈ ਕੋਈ ਦਮਦਾਰ ਸ਼ਖਸੀਅਤ ਚਾਹੀਦੀ ਹੈ ਤੇ ਇਸ ਲਈ ਜੋਨਜ਼ ਦੇ ਨਾਂ ਉੱਤੇ ਸਰਕਾਰ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ।

ਕਈ ਸੂਤਰਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਨਵੇਂ ਚੁਣੇ ਗਏ ਐਮਪੀਪੀ ਮਾਈਕਲ ਫੋਰਡ, ਜੋ ਕਿ ਪ੍ਰੀਮੀਅਰ ਦਾ ਭਤੀਜਾ ਹੈ, ਨੂੰ ਵੀ ਕੈਬਨਿਟ ਵਿੱਚ ਕੋਈ ਪੋਸਟ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਨਵੇਂ ਚੁਣੇ ਗਏ ਪੀਸੀ ਐਮਪੀਪੀ ਜਾਰਜ ਪਿਰੀ (ਟਿਮਿੰਜ਼) ਨੂੰ ਵੀ ਕੈਬਨਿਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਹਾਲਾਂਕਿ ਫੋਰਡ ਨੇ ਮੰਗਲਵਾਰ ਨੂੰ ਇਸ ਗੱਲ ਤੋਂ ਇਨਕਾਰ ਕੀਤਾ ਸੀ ਕਿ ਉਹ ਸਿਹਤ ਪੋਰਟਫਲੀਓ ਨੂੰ ਵੰਡਣਗੇ ਪਰ ਕੁੱਝ ਹੋਰਨਾਂ ਮੰਤਰਾਲਿਆਂ ਵਿੱਚ ਤਬਦੀਲੀਆਂ ਜ਼ਰੂਰ ਹੋ ਸਕਦੀਆਂ ਹਨ। ਸੂਤਰਾਂ ਅਨੁਸਾਰ ਮਨਿਸਟਰੀ ਆਫ ਕਾਲੇਜਿਜ਼ ਨੂੰ ਲੇਬਰ ਮੰਤਰਾਲੇ ਤਹਿਤ ਲਿਆਂਦਾ ਜਾ ਸਕਦਾ ਹੈ ਤੇ ਜਿੱਥੇ ਮੌਂਟੀ ਮੈਕਨੌਟਨ ਦੇ ਮੰਤਰੀ ਬਣੇ ਰਹਿਣ ਦੀ ਸੰਭਾਵਨਾ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਮਾਈਨਿੰਗ ਨੂੰ ਵੱਖਰਾ ਮੰਤਰਾਲਾ ਬਣਾਇਆ ਜਾ ਸਕਦਾ ਹੈ।

ਇਹ ਵੀ ਕਿਆਫੇ ਹਨ ਕਿ ਸਟੀਫਨ ਲਿਚੇ ਮੁੜ ਸਿੱਖਿਆ ਮੰਤਰੀ ਵਜੋਂ ਪਰਤਣਗੇ ਜਦਕਿ ਪੀਟਰ ਬੈਥਲੇਨਫੈਲਵੀ ਵਿੱਤ ਮੰਤਰੀ ਬਣੇ ਰਹਿਣਗੇ। ਲੀਸਾ ਮੈਕਲਿਓਡ ਦੇ ਕੈਬਨਿਟ ਵਿੱਚ ਪਰਤਣ ਦੀ ਕੋਈ ਉਮੀਦ ਨਹੀਂ ਹੈ। ਪ੍ਰੀਮੀਅਰ ਫੋਰਡ ਸ਼ੁੱਕਰਵਾਰ ਨੂੰ ਸਵੇਰੇ 11:15 ਵਜੇ ਕੁਈਨਜ਼ ਪਾਰਕ ਵਿਖੇ ਇੱਕ ਸਮਾਰੋਹ ਵਿੱਚ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ।

## ਨਿਊਮਾਰਕਿਟ ਵਿੱਚ ਧਮਾਕਾ ਕਰਨ ਵਾਲਾ 19 ਸਾਲਾ ਲੜਕਾ ਹਿਰਾਸਤ ਵਿੱਚ

ਓਨਟਾਰੀਓ, 23 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਯੌਰਕ ਰੀਜਨ ਵਿੱਚ ਇੱਕ ਮਾਲ ਵਿੱਚ ਘਰ ਵਿੱਚ ਤਿਆਰ ਕੀਤੀ ਗਈ ਧਮਾਕਾਖੇਜ਼ ਡਿਵਾਈਸ ਫਟਣ ਤੋਂ ਬਾਅਦ ਇੱਕ 19 ਸਾਲਾ ਲੜਕੇ ਨੂੰ ਚਾਰਜ ਕੀਤਾ ਗਿਆ ਹੈ। ਉਸ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ।




ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਾਮੀਂ 6:45 ਉੱਤੇ ਯੰਗ ਸਟਰੀਟ ਤੇ ਡੇਵਿਸ ਡਰਾਈਵ ਨੇੜੇ ਸਥਿਤ ਅੱਪਰ ਕੈਨੇਡਾ ਮਾਲ ਦੇ ਫੂਡ ਕੋਰਟ ਵਿੱਚ ਸੱਦਿਆ ਗਿਆ। ਪੁਲਿਸ ਦੇ ਪਹੁੰਚਣ ਉੱਤੇ ਉਨ੍ਹਾਂ ਨੂੰ ਘਰ ਵਿੱਚ ਤਿਆਰ ਧਮਾਕਾਖੇਜ਼ ਡਿਵਾਈਸ ਮਿਲੀ। ਪੁਲਿਸ ਅਨੁਸਾਰ ਡਿਵਾਈਸ ਫਟ ਚੁੱਕੀ ਸੀ ਪਰ ਇਸ ਹਾਦਸੇ ਵਿੱਚ ਕੋਈ ਜ਼ਖ਼ਮੀ ਨਹੀਂ ਸੀ ਹੋਇਆ। ਬਾਅਦ ਵਿੱਚ ਜਾਂਚਕਾਰਾਂ ਨੂੰ ਪਤਾ ਲੱਗਿਆ ਕਿ ਇੱਕ ਮਸ਼ਕੂਕ ਫੂਡ ਕੋਰਟ ਪਹੁੰਚਿਆ, ਉਸ ਨੇ ਉੱਥੇ ਇੱਕ ਪਲਾਂਟਰ ਬਾਕਸ ਵਿੱਚ ਡਿਵਾਈਸ ਰੱਖੀ ਤੇ ਉੱਥੋਂ ਭੱਜ ਗਿਆ।

ਸੂਹੀਆ ਕੁੱਤਿਆਂ ਦੀ ਮਦਦ ਨਾਲ ਮਸ਼ਕੂਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਟੋਰਾਂਟੋ ਵਾਸੀ 19 ਸਾਲਾ ਮਾਈਕਲ ਗੈਟਡੂਲਾ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ। ਇਸ ਘਟਨਾ ਦੀ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਲਿਬਰਲਾਂ ਨੂੰ ਮਹਿੰਗੀ ਪੈ ਸਕਦੀ ਹੈ ਕੰਜ਼ਰਵੇਟਿਵਾਂ ਦੀ ਪੌਪੂਲੈਰਿਟੀ : ਨੈਨੋਜ਼

ਓਟਵਾ, 23 ਜੂਨ (ਪੋਸਟ ਬਿਊਰੋ) : ਨੈਨੋਜ਼ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਅਨੁਸਾਰ ਇਸ ਸਮੇਂ ਕੰਜ਼ਰਵੇਟਿਵ ਪਾਰਟੀ, ਲਿਬਰਲਾਂ ਦੇ ਮੁਕਾਬਲੇ ਪੰਜ ਫੀ ਸਦੀ ਪੌਪੂਲੈਰਿਟੀ ਪੁਆਇੰਟਸ ਨਾਲ ਅੱਗੇ ਚੱਲ ਰਹੀ ਹੈ। ਇਹ ਪੁੱਛੇ ਜਾਣ ਉੱਤੇ ਕਿ ਕੈਨੇਡੀਅਨਜ਼ ਕਿਸ ਨੂੰ ਵੋਟ ਕਰਨਗੇ ਤੇ ਬਹੁਤਿਆਂ ਨੇ ਕੰਜ਼ਰਵੇਟਿਵ ਪਾਰਟੀ ਨੂੰ ਵੋਟ ਪਾਉਣ ਦੀ ਗੱਲ ਆਖੀ।



ਪੋਲਸਟਰ ਨਿੱਕ ਨੈਨੋਜ਼ ਨੇ ਆਖਿਆ ਕਿ ਇਸ ਸਮੇਂ ਕੰਜ਼ਰਵੇਟਿਵਾਂ ਨੂੰ 36 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਜਦਕਿ ਲਿਬਰਲਾਂ ਨੂੰ 31 ਫੀ ਸਦੀ ਤੇ ਐਨਡੀਪੀ ਨੂੰ 19 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਬਲਾਕ ਕਿਊਬਿਕੁਆ ਨੂੰ ਛੇ ਫੀ ਸਦੀ ਤੇ ਗ੍ਰੀਨ ਪਾਰਟੀ ਨੂੰ ਪੰਜ ਫੀ ਸਦੀ ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਨੂੰ ਤਿੰਨ

...ਬਾਕੀ ਪੰਨਾ 6 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Centre Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕਂਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213

# ਮੈਕਸਿਕੋ ਦੇ ਰਿਜ਼ੌਰਟ ਵਿੱਚ ਮ੍ਰਿਤਕ ਪਾਏ ਗਏ ਦੋ ਕੈਨੇਡੀਅਨ




ਮੈਕਸਿਕੋ ਸਿਟੀ, 23 ਜੂਨ (ਪੋਸਟ ਬਿਊਰੋ) : ਦੋ ਕੈਨੇਡੀਅਨਜ਼, ਜਿਨ੍ਹਾਂ ਵਿੱਚੋਂ ਇੱਕ ਇੰਟਰਪੋਲ ਨੂੰ ਲੋੜੀਂਦਾ ਸੀ, ਚਾਕੂ ਕਾਰਨ ਹੋਏ ਜ਼ਖ਼ਮਾਂ ਕਾਰਨ ਮੈਕਸਿਕੋ ਦੇ ਕੈਰੇਬੀਅਨ ਕੋਸਟ ਰਿਜ਼ੌਰਟ ਪਲਾਇਆ ਡੈਲ ਕਾਰਮਨ ਵਿੱਚ ਮ੍ਰਿਤਕ ਪਾਏ ਗਏ। ਇਹ ਜਾਣਕਾਰੀ ਸਟੇਟ ਪ੍ਰੌਸੀਕਿਊਟਰ ਦੇ ਆਫਿਸ ਵੱਲੋਂ ਦਿੱਤੀ ਗਈ।

ਇਨ੍ਹਾਂ ਦੀ ਪਛਾਣ ਰਫੇਲ ਹੁੱਪ ਤੇ ਫੈਨੀ ਲੋਰੇਨ ਵਜੋਂ ਕੀਤੀ ਗਈ ਹੈ। ਇਹ ਦੋਵੇਂ ਕਿਊਬਿਕ ਦੇ ਰਹਿਣ ਵਾਲੇ ਸਨ। ਕੁਇਨਤਾਨਾ ਰੂ ਸਟੇਟ, ਜਿੱਥੇ ਕਿ ਕੈਂਕਨ ਤੇ ਤੁਲੁਮ ਰਿਜ਼ੌਰਟਸ ਵੀ ਹਨ, ਦੇ ਪ੍ਰੌਸੀਕਿਊਟਰਜ਼ ਨੇ ਆਖਿਆ ਕਿ ਇੱਕ ਪੁਰਸ਼ ਤੇ ਇੱਕ ਮਹਿਲਾ ਸੋਮਵਾਰ ਨੂੰ ਇਸ ਰਿਜ਼ੌਰਟ ਦੇ ਹੋਟਲ ਜਾਂ ਕੌਂਡੋਮੀਨੀਅਮ ਵਿੱਚ ਮ੍ਰਿਤਕ ਪਏ ਮਿਲੇ। ਇੱਕ ਹੋਰ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਵੀ ਮਿਲਿਆ। ਗਲੋਬਲ ਅਫੇਅਰਜ਼ ਕੈਨੇਡਾ ਮੈਕਸਿਕੋ ਵਿੱਚ ਦੋ ਕੈਨੇਡੀਅਨ ਨਾਗਰਿਕਾਂ ਦੇ ਮਾਰੇ ਜਾਣ ਤੋਂ ਜਾਣੂ ਹੈ।

ਪਰ ਪ੍ਰੌਸੀਕਿਊਟਰਜ਼ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਘਟਨਾ ਵਿੱਚ ਮਾਰੇ ਗਏ ਪੁਰਸ਼ ਦੀ ਫਰਾਡ ਦੇ ਮਾਮਲਿਆਂ ਵਿੱਚ ਇੰਟਰਪੋਲ ਨੂੰ ਭਾਲ ਸੀ। ਇਸ ਤੋਂ ਪਹਿਲਾਂ ਜਨਵਰੀ ਵਿੱਚ ਵੀ ਲੋਕਲ ਰਿਜ਼ੌਰਟ ਵਿੱਚ ਦੋ ਕੈਨੇਡੀਅਨ ਦਾ ਕਤਲ ਕਰ ਦਿੱਤਾ ਗਿਆ ਸੀ।

# ਰਵਾਂਡਾ, ਜਰਮਨੀ, ਸਪੇਨ ਨਾਲ ਕੌਮਾਂਤਰੀ ਮੀਟਿੰਗਾਂ ਵਿਚ ਹਿੱਸਾ ਲੈਣ ਲਈ ਟਰੂਡੋ ਰਵਾਨਾ



ਓਟਵਾ, 23 ਜੂਨ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮੰਗਲਵਾਰ ਰਾਤ 10 ਦਿਨਾਂ ਦੇ ਕੌਮਾਂਤਰੀ ਦੌਰੇ ਲਈ ਰਵਾਨਾ ਹੋਣਗੇ। ਇਸ ਦੌਰੇ ਦੌਰਾਨ ਵਧੇਰੇ ਧਿਆਨ ਰੂਸ-ਯੂਕਰੇਨ ਸੰਘਰਸ਼ ਉੱਤੇ ਕੇਂਦਰਿਤ ਰਹੇਗਾ।

ਟਰੂਡੋ ਮੰਗਲਵਾਰ ਰਾਤ ਨੂੰ ਕਿਗਾਲੀ, ਰਵਾਂਡਾ ਰਵਾਨਾ ਹੋਣਗੇ, ਜਿੱਥੇ ਉਹ 2018 ਤੋਂ ਬਾਅਦ ਪਹਿਲੀ ਵਾਰੀ ਕਾਮਨਵੈਲਥ ਦੇਸ਼ਾਂ ਦੇ ਮੁਖੀਆਂ ਨਾਲ ਮੁਲਾਕਾਤ ਕਰਨਗੇ। ਇਨ੍ਹਾਂ ਮੀਟਿੰਗਾਂ ਦੌਰਾਨ ਕੈਨੇਡਾ ਯੂਕਰੇਨ ਲਈ ਮਦਦ ਤੇ ਰੂਸ ਦੀ ਨੁਕਤਾਚੀਨੀ ਨੂੰ ਹੱਲਾਸ਼ੇਰੀ ਦੇਣ ਦੀ ਯੋਜਨਾ ਬਣਾ ਰਿਹਾ ਹੈ। ਇਸ ਦੌਰੇ ਦੌਰਾਨ ਟਰੂਡੋ ਜੀ-7 ਸਿਖਰ ਵਾਰਤਾ ਲਈ ਜਰਮਨੀ ਵੀ ਜਾਣਗੇ ਤੇ ਫਿਰ ਨਾਟੋ ਸਿਖਰ ਵਾਰਤਾ ਲਈ ਮੈਡਰਿਡ ਰਵਾਨਾ ਹੋਣਗੇ।

ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਇਨ੍ਹਾਂ ਦੋਵਾਂ ਸਿਖਰ ਵਾਰਤਾਵਾਂ ਨੂੰ ਸੰਬੋਧਨ ਕਰਨ ਦੀ ਯੋਜਨਾ ਹੈ। ਜ਼ਿਕਰਯੋਗ ਹੈ ਕਿ ਜ਼ੈਲੈਂਸਕੀ ਵਿੱਤੀ ਤੇ ਫੌਜੀ ਮਦਦ ਲਈ ਦੁਨੀਆਂ ਭਰ ਦੇ ਆਗੂਆਂ ਨਾਲ ਮੁਲਾਕਾਤ ਕਰ ਰਹੇ ਹਨ। ਸਵੀਡਨ ਤੇ ਫਿਨਲੈਂਡ ਦਾ ਵਫਦ ਨਾਟੋ ਆਗੂਆਂ ਨਾਲ ਮੁਲਾਕਾਤ ਕਰੇਗਾ। ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਚੜ੍ਹਾਈ ਦੇ ਮੱਦੇਨਜ਼ਰ ਇਨ੍ਹਾਂ ਦੋਵਾਂ ਦੇਸ਼ਾਂ ਵੱਲੋਂ ਵੀ ਨਾਟੋ ਵਿੱਚ ਸ਼ਮੂਲੀਅਤ ਲਈ ਅਪਲਾਈ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਜਪਾਨ ਤੇ ਸਾਊਥ ਕੋਰੀਆ ਦੇ ਆਗੂਆਂ ਵੱਲੋਂ ਵੀ ਇਨ੍ਹਾਂ ਸਿਖਰ ਵਾਰਤਾਵਾਂ ਵਿੱਚ ਹਿੱਸਾ ਲੈਣ ਦੀ ਹਾਮੀ ਭਰੀ ਗਈ ਹੈ।

# 105 ਸਾਲ ਦੀ ਰਾਮਬਾਈ ਨੇ ਮਾਨ ਕੌਰ ਦਾ ਰਿਕਾਰਡ ਤੋੜਿਆ

ਨਵੀਂ ਦਿੱਲੀ, 23 ਜੂਨ (ਪੋਸਟ ਬਿਊਰੋ)- ਹੌਂਸਲਾ ਬੁਲੰਦ ਤੇ ਕੁਝ ਕਰਨ ਦਾ ਜਨੂੰਨ ਹੋਵੇ ਤਾਂ ਉਮਰ ਕੋਈ ਰੁਕਾਵਟ ਨਹੀਂ ਬਣਦੀ। ਹਰਿਆਣੇ ਦੀ 105 ਸਾਲਾ ਦੌੜਾਕ ਰਾਮਬਾਈ ਨੇ 100 ਅਤੇ 200 ਮੀਟਰ ਦੇ ਕੌਮੀ ਮੁਕਾਬਲਿਆਂਦਾ ਸੋਨ ਤਮਗ਼ਾ ਜਿੱਤ ਕੇ ਇਸ ਨੂੰ ਸਹੀ ਸਾਬਤ ਕਰ ਦਿੱਤਾ ਹੈ।

ਚਰਖੀ ਦਾਦਰੀ ਜ਼ਿਲ੍ਹੇ ਦੇ ਕਦਮਾ ਪਿੰਡ ਦੀ ਰਾਮਬਾਈ ਨੇ ਵਡੋਦਰਾ ਵਿੱਚ ਆਯੋਜਤ ਰਾਸ਼ਟਰੀ ਓਪਨ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਦੇ ਮੁੱਢਲੇ ਦਿਨ 100 ਤੇ 200 ਮੀਟਰ ਦੌੜ ਵਿੱਚ ਸੋਨ ਤਮਗ਼ਾ ਜਿੱਤ ਕੇ ਨਵਾਂ ਰਿਕਾਰਡ ਬਣਾਉਣ ਦੇ ਨਾਲ ਆਪਣੀ ਉਮਰ ਨੂੰ ਬੌਣਾ ਸਾਬਤ ਕੀਤਾ ਹੈ। ਉਨ੍ਹਾਂ ਇਸ ਦੇ ਨਾਲ ਮਰਹੂਮ ਮਾਨ ਕੌਰ ਦਾ ਰਿਕਾਰਡ ਵੀ ਤੋੜ ਦਿੱਤਾ, ਜਿਨ੍ਹਾਂ ਨੇ 101 ਸਾਲ ਦੀ ਉਮਰ ਵਿੱਚ ਅਜਿਹੀ ਦੌੜ ਵਿੱਚ ਹਿੱਸਾ ਲਿਆ ਸੀ। ਇਸ ਤੋਂ ਬਾਅਦ ਰਾਮਬਾਈ ਨੇ ਕਿਹਾ, 'ਮੈਨੂੰ ਕੋਈ ਨਹੀਂ ਰੋਕ ਸਕਦਾ।' ਇਸ ਮੁਕਾਬਲੇ ਵਿੱਚ ਸਭ ਦੀਆਂ ਨਜ਼ਰਾਂ ਰਾਮਬਾਈ ਉੱਤੇ ਟਿਕੀਆਂ ਸਨ ਅਤੇ ਉਨ੍ਹਾਂ 100 ਮੀਟਰ ਦੀ ਦੌੜ 45.40 ਸਕਿੰਡ ਵਿੱਚ ਤੇ 200 ਮੀਟਰ ਦੀ ਦੌੜ 1 ਮਿੰਟ 52.17 ਸੈਕਿੰਡਾਂ ਵਿੱਚ ਪੂਰੀ ਕਰ ਕੇ 'ਗੋਲਡਨ ਡਬਲ' ਹਾਸਲ ਕੀਤਾ। ਉਨ੍ਹਾਂ ਤੋਂ ਪਹਿਲਾਂ ਮਾਨ ਕੌਰ ਨੇ 2017 ਵਿੱਚ 101 ਸਾਲ ਦੀ ਉਮਰ ਵਿੱਚ 100 ਮੀਟਰ ਦੀ ਦੌੜ 74 ਸਕਿੰਟਾਂ ਵਿੱਚ ਪੂਰੀ ਕੀਤੀ ਸੀ। ਰਾਮਬਾਈ ਨੇ ਕਿਹਾ, ''ਮੈਂ ਬਹੁਤ ਖ਼ੁਸ਼ ਹਾਂ। ਇਹ ਦੁਰਲੱਭ ਨਜ਼ਾਰਾ ਹੈ।' ਇਸ ਉਮਰ ਵਿੱਚ ਵੀ ਖੁਦ ਨੂੰ ਫਿੱਟ ਰੱਖਣ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਕਿਹਾ, ''ਮੈਂ ਰੋਜ਼ ਸਵੇਰੇ ਜਲਦੀ ਉਠ ਕੇ ਜੌਗਿੰਗ ਲਈ ਜਾਂਦੀ ਹਾਂ। ਘਰ ਦੇ ਸਾਰੇ ਕੰਮ ਆਪ ਕਰਦੀ ਹਾਂ। ਮੈਂ ਖੇਤਾਂ ਵਿੱਚ ਰੋਜ਼ ਕੰਮ ਕਰਦੀ ਹਾਂ।''

# ਅਗਲੇ ਦੋ ਦਿਨ ਟੋਰਾਂਟੋ ਵਿੱਚ ਪਵੇਗੀ ਭਖਵੀਂ ਗਰਮੀ



ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਦੱਖਣੀ ਤੇ ਉੱਤਰੀ ਓਨਟਾਰੀਓ ਸਮੇਤ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਦੋ ਦਿਨ ਭਖਵੀਂ ਗਰਮੀ ਪੈਣ ਦੀ ਸੰਭਾਵਨਾ ਹੈ। ਐਨਵਾਇਰਮੈਂਟ ਕੈਨੇਡਾ ਵੱਲੋਂ ਅਗਲੇ ਦੋ ਦਿਨਾਂ ਲਈ ਇਸ ਇਲਾਕੇ ਵਿੱਚ ਹੀਟ ਵਾਰਨਿੰਗ ਦੀ ਚੇਤਾਵਨੀ ਦਿੱਤੀ ਗਈ ਹੈ।

ਇਸ ਵਾਰਨਿੰਗ ਅਨੁਸਾਰ ਮੰਗਲਵਾਰ ਤੇ ਬੁੱਧਵਾਰ ਨੂੰ ਇਨ੍ਹਾਂ ਥਾਂਵਾਂ ਉੱਤੇ ਤਾਪਮਾਨ 30 ਡਿਗਰੀ ਸੈਲਸੀਅਸ ਤੱਕ ਜਾ ਸਕਦਾ ਹੈ। ਇਸ ਦੌਰਾਨ ਰਾਤ ਸਮੇਂ ਵੀ ਤਾਪਮਾਨ ਵਿੱਚ ਕੋਈ ਖਾਸ ਫਰਕ ਨਹੀਂ ਪਵੇਗਾ। ਟੋਰਾਂਟੋ ਵਿੱਚ ਮੰਗਲਵਾਰ ਨੂੰ ਤਾਪਮਾਨ 29 ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ ਤੇ ਨਮੀ ਹੋਣ ਕਾਰਨ ਇਹ 34 ਡਿਗਰੀ ਤੱਕ ਮਹਿਸੂਸ ਹੋ ਸਕਦਾ ਹੈ। ਐਨਵਾਇਰਮੈਂਟ ਕੈਨੇਡਾ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਇਸ ਦੌਰਾਨ ਯੂਵੀ ਇੰਡੈਕਸ 10 ਜਾਂ ਹੋਰ ਵੀ ਵੱਧ ਰਹਿ ਸਕਦਾ ਹੈ।

ਬੁੱਧਵਾਰ ਨੂੰ ਵੀ ਤਾਪਮਾਨ ਗਰਮ ਰਹਿਣ ਦੀ ਹੀ ਸੰਭਾਵਨਾ ਹੈ। ਵੱਧ ਤੋਂ ਵੱਧ ਤਾਪਮਾਨ 33 ਡਿਗਰੀ ਸੈਲਸੀਅਸ ਰਹਿ ਸਕਦਾ ਹੈ ਤੇ ਮੀਂਹ ਪੈਣ ਦੀ ਸੰਭਾਵਨਾ 40 ਫੀ ਸਦੀ ਹੈ। ਐਨਵਾਇਰਮੈਂਟ ਕੈਨੇਡਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਠੰਢੀਆਂ ਹਵਾਵਾਂ ਵੀਰਵਾਰ ਤੱਕ ਪਹੁੰਚ ਸਕਦੀਆਂ ਹਨ। ਇਸ ਦੌਰਾਨ ਨਿੱਕੇ ਬੱਚਿਆਂ, ਗਰਭਵਤੀ ਔਰਤਾਂ, ਬਜ਼ੁਰਗਾਂ ਤੇ ਲੰਮੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੇ ਨਾਲ ਨਾਲ ਆਊਟਡੋਰਜ਼ ਵਿੱਚ ਕੰਮ ਕਰਨ ਵਾਲਿਆਂ ਜਾਂ ਐਕਸਰਸਾਈਜ਼ ਕਰਨ ਵਾਲਿਆਂ ਨੂੰ ਵੀ ਇਸ ਗਰਮੀ ਕਾਰਨ ਖਤਰਾ ਹੋ ਸਕਦਾ ਹੈ।

ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਲੋਕ ਇਸ ਭਖਵੀਂ ਗਰਮੀ ਵਿੱਚ ਆਪਣੇ ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਕਾਰਾਂ ਵਿੱਚ ਛੱਡ ਕੇ ਕਿਤੇ ਨਾ ਜਾਣ ਤੇ ਆਊਟਡੋਰ ਵਰਕਰਜ਼ ਨੂੰ ਵੀ ਨਿਯਮਿਤ ਤੌਰ ਉੱਤੇ ਠੰਢੀਆਂ ਥਾਂਵਾਂ ਉੱਤੇ ਬ੍ਰੇਕ ਲੈਣ ਦੀ ਸਲਾਹ ਦਿੱਤੀ ਗਈ ਹੈ।

# ਨੋਵਾ ਸਕੋਸ਼ੀਆ ਸ਼ੂਟਿੰਗ ਸਬੰਧੀ ਜਾਂਚ ਵਿੱਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ਾਂ ਤੋਂ ਬਲੇਅਰ ਨੇ ਕੀਤਾ ਇਨਕਾਰ



ਓਟਵਾ, 23 ਜੂਨ (ਪੋਸਟ ਬਿਊਰੋ) : ਨੋਵਾ ਸਕੋਸ਼ੀਆ ਦੀ ਮਾਸ ਸ਼ੂਟਿੰਗ ਦੇ ਸਬੰਧ ਵਿੱਚ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਫੈਡਰਲ ਸਰਕਾਰ ਵੱਲੋਂ ਦਖਲਅੰਦਾਜ਼ੀ ਕਰਨ ਦੇ ਦੋਸ਼ਾਂ ਤੋਂ ਬੁੱਧਵਾਰ ਨੂੰ ਐਮਰਜੰਸੀ ਪ੍ਰਿਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਵੱਲੋਂ ਵਾਰੀ ਵਾਰੀ ਇਨਕਾਰ ਕੀਤਾ ਗਿਆ।

ਇਸ ਵਿਵਾਦ ਦਾ ਕੇਂਦਰ ਬਣ ਚੁੱਕੀ ਕਮਿਸ਼ਨਰ ਬ੍ਰੈਂਡਾ ਲੱਕੀ ਦਾ ਪੱਖ ਪੂਰਨ ਲਈ ਬਲੇਅਰ ਅੱਗੇ ਆਏ। ਬੁੱਧਵਾਰ ਨੂੰ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਬਲੇਅਰ ਨੇ ਆਖਿਆ ਕਿ ਆਰਸੀਐਮਪੀ ਦੇ ਮਾਮਲਿਆਂ ਵਿੱਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾ ਰਹੀ ਤੇ ਨਾ ਹੀ ਕਿਸੇ ਉੱਤੇ ਕੋਈ ਦਬਾਅ ਹੀ ਪਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਆਰਸੀਐਮਪੀ ਨੂੰ ਕਿਸੇ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਕੋਈ ਹਦਾਇਤ ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਦੇ ਫੈਸਲਿਆਂ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ। ਆਰਸੀਐਮਪੀ ਦੇ ਸਾਰੇ ਫੈਸਲਿਆਂ ਦਾ ਸਤਿਕਾਰ ਕੀਤਾ ਜਾ ਰਿਹਾ ਹੈ।

ਮੰਗਲਵਾਰ ਨੂੰ ਇਹ ਦੋਸ਼ ਲਾਏ ਗਏ ਸਨ ਕਿ ਕੈਨੇਡੀਅਨ ਇਤਿਹਾਸ ਦੀ ਸੱਭ ਤੋਂ ਦਿਲ ਦਹਿਲਾ ਦੇਣ ਵਾਲੀ ਸ਼ੂਟਿੰਗ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਸਰਕਾਰ ਵੱਲੋਂ ਗੰਨ ਉੱਤੇ ਪਾਬੰਦੀ ਲਾਉਣ ਲਈ ਵਰਤਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਅਪਰੈਲ 2020 ਵਿੱਚ ਨੋਵਾ ਸਕੋਸ਼ੀਆ ਵਿੱਚ ਵਾਪਰੀ ਇਸ ਸ਼ੂਟਿੰਗ ਦੀ ਘਟਨਾ ਵਿੱਚ 22 ਲੋਕ ਮਾਰੇ ਗਏ ਸਨ। ਦਸਤਾਵੇਜ਼ਾਂ ਅਨੁਸਾਰ ਨੋਵਾ ਸਕੋਸ਼ੀਆ ਦੀ ਇਸ ਮਾਸ ਸ਼ੂਟਿੰਗ ਦੀ ਘਟਨਾ ਤੋਂ 10 ਦਿਨ ਬਾਅਦ ਲੱਕੀ ਨੇ ਇੱਕ ਮੀਟਿੰਗ ਵਿੱਚ ਪ੍ਰੈੱਸ ਬ੍ਰੀਫਿੰਗਜ਼ ਕਰ ਰਹੀ ਨੋਵਾ ਸਕੋਸ਼ੀਆ ਡਵੀਜ਼ਨ ਦੀ ਨੁਕਤਾਚੀਨੀ ਕਰਦਿਆਂ ਨਿਰਾਸ਼ਾ ਪ੍ਰਗਟਾਈ। ਉਨ੍ਹਾਂ ਸੰਕੇਤ ਦਿੱਤਾ ਕਿ ਹਮਲਾਵਰ ਵੱਲੋਂ ਵਰਤੇ ਗਏ ਹਥਿਆਰ ਬਾਰੇ ਜਿਸ ਤਰ੍ਹਾਂ ਦੀ ਖਾਸ ਜਾਣਕਾਰੀ ਉਹ ਮੁਹੱਈਆ ਕਰਵਾਉਣੀ ਚਾਹੁੰਦੀ ਸੀ ਇਸ ਡਵੀਜ਼ਨ ਵੱਲੋਂ ਅਜਿਹਾ ਕੁੱਝ ਨਹੀਂ ਕੀਤਾ ਗਿਆ ਤੇ ਇਸ ਲਈ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਉਨ੍ਹਾਂ ਦੀ ਹੁਕਮਅਦੂਲੀ ਹੋਈ।

ਹੱਥ ਲਿਖਤ ਨੋਟਸ ਵਿੱਚ ਨੋਵਾ ਸਕੋਸ਼ੀਆ ਆਰਸੀਐਮਪੀ ਸੁਪਰਡੈਂਟ ਡੈਰਨ ਕੈਂਪਬੈੱਲ ਨੇ ਲਿਖਿਆ ਕਿ ਲੱਕੀ ਨੇ ਇਹ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਤਤਕਾਲੀ ਪਬਲਿਕ ਸੇਫਟੀ ਮੰਤਰੀ ਬਲੇਅਰ ਤੇ ਪ੍ਰਧਾਨ ਮੰਤਰੀ ਆਫਿਸ ਨੂੰ ਇਹ ਵਾਅਦਾ ਕੀਤਾ ਗਿਆ ਸੀ ਕਿ ਆਰਸੀਐਮਪੀ ਉਹੀ ਜਾਣਕਾਰੀ ਰਲੀਜ਼ ਕਰੇਗੀ ਜਿਹੜੀ ਉਨ੍ਹਾਂ ਨੂੰ ਆਖੀ ਗਈ ਹੈ ਤੇ ਅਜਿਹਾ ਇਸ ਲਈ ਜ਼ਰੂਰੀ ਸੀ ਕਿਉਂਕਿ ਇਹ ਪੈਂਡਿੰਗ ਗੰਨ ਕੰਟਰੋਲ ਬਿੱਲ ਨਾਲ ਸਬੰਧਤ ਸੀ। ਉਸ ਸਮੇਂ ਨੋਵਾ ਸਕੋਸ਼ੀਆ ਆਰਸੀਐਮਪੀ ਨੇ ਇਹ ਆਖਿਆ ਸੀ ਕਿ ਵਾਧੂ ਦੀ ਜਾਣਕਾਰੀ ਰਲੀਜ਼ ਕਰਨ ਨਾਲ ਹਥਿਆਰਾਂ ਤੱਕ ਹਮਲਾਵਰ ਦੀ ਪਹੁੰਚ ਬਾਰੇ ਜਾਰੀ ਜਾਂਚ ਖਤਰੇ ਵਿੱਚ ਪੈ ਜਾਵੇਗੀ।

ਇਸ ਤੋਂ ਕੁੱਝ ਦਿਨ ਬਾਅਦ ਪ੍ਰਧਾਨ ਮੰਤਰੀ ਨੇ 1500 ਅਸਾਲਟ-ਸਟਾਈਲ ਹਥਿਆਰਾਂ ਉੱਤੇ ਪਾਬੰਦੀ ਲਾਉਣ ਦਾ ਐਲਾਨ ਕਰ ਦਿੱਤਾ। ਇਨ੍ਹਾਂ ਵਿੱਚ ਨੋਵਾ ਸਕੋਸ਼ੀਆ ਸ਼ੂਟਿੰਗ ਦੌਰਾਨ ਵਰਤੇ ਗਏ ਹਥਿਆਰ ਵੀ ਸ਼ਾਮਲ ਸਨ। ਮੰਗਲਵਾਰ ਦੇਰ ਰਾਤ ਜਾਰੀ ਕੀਤੇ ਬਿਆਨ ਵਿੱਚ ਲੱਕੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਕਦੇ ਕਿਸੇ ਜਾਂਚ ਨੂੰ ਖਤਰੇ ਵਿੱਚ ਨਹੀਂ ਪਾਇਆ ਗਿਆ ਨਾ ਹੀ ਇਸ ਮਾਮਲੇ ਵਿੱਚ ਦਖਲਅੰਦਾਜ਼ੀ ਕੀਤੀ ਗਈ ਹੈ।




# ਇਕਹਿਰੀ ਵਰਤੋਂ ਵਾਲੀ ਪਲਾਸਟਿਕ ਉੱਤੇ ਪਾਬੰਦੀ ਲਈ ਜਲਦ ਸ਼ੁਰੂ ਹੋਵੇਗੀ ਪੁੱਠੀ ਗਿਣਤੀ



ਓਟਵਾ, 23 ਜੂਨ (ਪੋਸਟ ਬਿਊਰੋ) : ਇਸ ਸਾਲ ਦੇ ਅੰਤ ਤੱਕ ਕੈਨੇਡੀਅਨਜ਼ ਨੂੰ ਪਲਾਸਟਿਕ ਦੀਆਂ ਸਟ੍ਰਾਅਜ਼ ਤੇ ਗ੍ਰੌਸਰੀ ਬੈਗਜ਼ ਦਾ ਬਦਲ ਲੱਭਣਾ ਹੋਵੇਗਾ ਕਿਉਂਕਿ ਫੈਡਰਲ ਸਰਕਾਰ ਇਕਹਿਰੀ ਵਰਤੋਂ ਵਾਲੀ ਪਲਾਸਟਿਕ ਉੱਤੇ ਵੀ ਪਾਬੰਦੀ ਲਾਉਣ ਜਾ ਰਹੀ ਹੈ। ਫੈਡਰਲ ਸਰਕਾਰ ਵੱਲੋਂ ਇਸ ਸਬੰਧ ਵਿੱਚ ਫਾਈਨਲ ਮਤਾ ਵੀ ਪੇਸ਼ ਕੀਤਾ ਜਾਵੇਗਾ।

ਐਨਵਾਇਰਮੈਂਟ ਮੰਤਰੀ ਸਟੀਵਨ ਗਿਲਬਟ ਤੇ ਕਈ ਹੋਰਨਾਂ ਮੰਤਰੀਆਂ ਤੇ ਲਿਬਰਲ ਐਮਪੀਜ਼ ਵੱਲੋਂ ਅੱਜ ਤੋਂ ਦੇਸ਼ ਭਰ ਵਿੱਚ ਕਈ ਈਵੈਂਟਸ ਵਿੱਚ ਪਲਾਸਟਿਕ ਉੱਤੇ ਪਾਬੰਦੀ ਲਾਉਣ ਲਈ ਖਾਕਾ ਖਿੱਚਣਾ ਸ਼ੁਰੂ ਕੀਤਾ ਜਾਵੇਗਾ। ਗਿਲਬਟ ਵੱਲੋਂ ਪਲਾਸਟਿਕ ਦੀਆਂ ਹੋਰਨਾਂ ਚੀਜ਼ਾਂ ਵਿੱਚ ਰੀਸਾਈਕਲ ਕੀਤੇ ਜਾਣ ਵਾਲੇ ਪਲਾਸਟਿਕ ਦੀ ਮਾਤਰਾ ਘੱਟ ਤੋਂ ਘੱਟ ਰੱਖਣ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਸੰਭਾਵਨਾ ਹੈ। ਇਸ ਦੌਰਾਨ ਸਰਕਾਰ ਕੈਨੇਡਾ ਵਿੱਚ ਰੀਸਾਈਕਲ ਕੀਤੇ ਜਾਣ ਵਾਲੇ ਪਲਾਸਟਿਕ ਦੀ ਵੱਡੀ ਮਾਰਕਿਟ ਤਿਆਰ ਕਰਨ ਦੀ ਚਾਹਵਾਨ ਹੈ।

ਪਲਾਸਟਿਕ ਦੀਆਂ ਛੇ ਆਈਟਮਾਂ ਉੱਤੇ ਪਾਬੰਦੀ ਲਾਉਣ ਬਾਰੇ ਡਰਾਫਟ ਦਸੰਬਰ ਵਿੱਚ ਪਬਲਿਸ਼ ਕੀਤਾ ਗਿਆ ਸੀ ਤੇ ਇਸ ਮਹੀਨੇ ਪਬਲਿਸ਼ ਹੋਣ ਜਾ ਰਹੀਆਂ ਫਾਈਨਲ ਰੈਗੂਲੇਸ਼ਨਜ਼ ਤੋਂ ਪਹਿਲਾਂ ਸਰਕਾਰ ਕੋਲ ਇਸ ਮਕਸਦ ਲਈ ਛੇ ਮਹੀਨੇ ਦਾ ਸਮਾਂ ਹੋਣਾ ਜ਼ਰੂਰੀ ਸੀ। ਸ਼ੁਰੂਆਤੀ ਪਾਬੰਦੀ ਨਾਲ ਛੇ ਪਲਾਸਟਿਕ ਆਈਟਮਾਂ ਹੀ ਪ੍ਰਭਾਵਿਤ ਹੋਣਗੀਆਂ। ਅਜਿਹਾ ਇਸ ਲਈ ਕਿਉਂਕਿ ਸਰਕਾਰ ਨੇ ਇਹ ਤੈਅ ਕੀਤਾ ਸੀ ਕਿ ਇਨ੍ਹਾਂ ਵਸਤਾਂ ਨੂੰ ਰੀਸਾਈਕਲ ਕਰਨਾ ਕਾਫੀ ਔਖਾ ਸੀ ਪਰ ਉਨ੍ਹਾਂ ਦੇ ਬਦਲ ਸੁਖਾਲੇ ਉਪਲਬਧ ਹਨ।

ਇਨ੍ਹਾਂ ਵਿੱਚ ਸਟ੍ਰਾਅਜ਼, ਟੇਕਆਊਟ ਕੰਟੇਨਰਜ਼, ਗ੍ਰੌਸਰੀ ਬੈਗ, ਕਟਲਰੀ, ਸਟਰ ਸਟਿੱਕਸ ਤੇ ਪਲਾਸਟਿਕ ਰਿੰਗਜ਼ (ਜਿਨ੍ਹਾਂ ਦੀ ਵਰਤੋਂ ਛੇ ਕੈਨਜ਼ ਜਾਂ ਬੋਤਲਾਂ ਨੂੰ ਇੱਕਠਿਆਂ ਰੱਖਣ ਲਈ ਕੀਤੀ ਜਾਂਦੀ ਹੈ) ਆਦਿ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਤਿੰਨ ਸਾਲ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਅਗਵਾਈ ਵਾਲੀ ਸਰਕਾਰ ਮੁਸ਼ਕਲ ਤੌਰ ਉੱਤੇ ਰੀਸਾਈਕਲ ਹੋਣ ਵਾਲੀਆਂ ਪਲਾਸਟਿਕ ਦੀਆਂ ਆਈਟਮਾਂ ਉੱਤੇ ਪਾਬੰਦੀ ਲਾਵੇਗੀ। ਸ਼ੁਰੂ ਵਿੱਚ ਉਨ੍ਹਾਂ ਆਖਿਆ ਸੀ ਕਿ ਇਹ ਪਾਬੰਦੀ 2021 ਤੱਕ ਲਾਈ ਜਾਵੇਗੀ ਪਰ ਕੋਵਿਡ-19 ਮਹਾਂਮਾਰੀ ਕਾਰਨ ਇਸ ਕੰਮ ਵਿੱਚ ਦੇਰ ਹੋ ਗਈ।

# ਨੌਰਥ ਅਮੈਰੀਕਨ ਡਿਫੈਂਸ ਸਿਸਟਮ ਨੂੰ ਆਧੁਨਿਕ ਰੂਪ ਦੇਣ ਲਈ ਕੈਨੇਡਾ ਸਰਕਾਰ ਕਰੇਗੀ 4.9 ਬਿਲੀਅਨ ਡਾਲਰ ਦਾ ਨਿਵੇਸ਼



ਓਟਵਾ, 23 ਜੂਨ (ਪੋਸਟ ਬਿਊਰੋ) : ਸੋਮਵਾਰ ਨੂੰ ਰੱਖਿਆ ਮੰਤਰੀ ਅਨੀਤਾ ਆਨੰਦ ਨੇ ਨੌਰਥ ਅਮਰੀਕਾ ਦੇ ਉਮਰਦਰਾਜ਼ ਹੋ ਚੁੱਕੇ ਰੱਖਿਆ ਸਿਸਟਮ ਨੂੰ ਆਧੁਨਿਕ ਰੂਪ ਦੇਣ ਲਈ ਅਗਲੇ 20 ਸਾਲਾਂ ਵਿੱਚ 4.9 ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ। ਇਹ ਐਲਾਨ ਆਪਣੇ ਆਪ ਵਿੱਚ ਬਹੁਤ ਵੱਡਾ ਹੈ ਪਰ ਇਸ ਵਿੱਚ ਕਈ ਤਰ੍ਹਾਂ ਦੇ ਵੇਰਵੇ ਨਹੀਂ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਪਿਛਲੇ ਲੰਮੇਂ ਸਮੇਂ ਤੋਂ ਸੀਨੀਅਰ ਕੈਨੇਡੀਅਨ ਤੇ ਅਮੈਰੀਕਨ ਮਿਲਟਰੀ ਅਧਿਕਾਰੀ ਇਹ ਚੇਤਾਵਨੀ ਦਿੰਦੇ ਆਏ ਹਨ ਕਿ ਮਹਾਂਦੀਪ ਉੱਤੇ ਹੋਣ ਵਾਲੇ ਕਿਸੇ ਵੀ ਹਮਲੇ ਦੀ ਪਛਾਣ ਕਰਨਾ ਤੇ ਉਸ ਨੂੰ ਰੋਕਣਾ ਮੌਜੂਦਾ ਡਿਫੈਂਸਿਵ ਸਿਸਟਮ ਦੇ ਵੱਸ ਦੀ ਗੱਲ ਨਹੀਂ ਹੈ। ਆਨੰਦ ਵੱਲੋਂ ਇੱਕ ਤਰ੍ਹਾਂ ਇਸ ਖਤਰੇ ਨੂੰ ਧਿਆਨ ਵਿੱਚ ਰੱਖਕੇ ਇਸ ਤਰ੍ਹਾਂ ਦੇ ਨਿਵੇਸ਼ ਦਾ ਐਲਾਨ ਕੀਤਾ ਗਿਆ ਹੈ ਪਰ ਅਜੇ ਇਹ ਨਹੀਂ ਪਤਾ ਕਿ ਇਹ ਨਿਵੇਸ਼ ਕਦੋਂ ਅਮਲੀ ਰੂਪ ਲਵੇਗਾ।

ਕੈਨੇਡੀਅਨ ਸੈਨਾਵਾਂ ਦੇ ਟ੍ਰੈਂਟਨ ਸਥਿਤ ਟਿਕਾਣੇ ਉੱਤੇ ਸੀਐਫ-18 ਲੜਾਕੂ ਜੈੱਟ ਸਮੇਤ ਕਈ ਮਿਲਟਰੀ ਜਹਾਜ਼ਾਂ ਦੇ ਸਾਹਮਣੇ ਖੜ੍ਹੇ ਹੋ ਕੇ ਆਨੰਦ ਨੇ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਮਹਾਂਦੀਪ ਦੀ ਰਾਖੀ ਲਈ ਕੈਨੇਡਾ ਅਗਲੇ ਛੇ ਸਾਲਾਂ ਵਿੱਚ 4.9 ਬਿਲੀਅਨ ਡਾਲਰ ਖਰਚ ਕਰੇਗਾ। ਉਨ੍ਹਾਂ ਆਖਿਆ ਕਿ ਪਿਛਲੇ ਚਾਰ ਦਹਾਕਿਆਂ ਤੋਂ ਕੈਨੇਡੀਅਨ ਪਰੀਪੇਖ ਤੋਂ ਜੇ ਵੇਖਿਆ ਜਾਵੇ ਤਾਂ ਨੋਰਾਡ ਵਾਸਤੇ ਇਹ ਬਹੁਤ ਹੀ ਅਹਿਮ ਅਪਗ੍ਰੇਡ ਹੈ। ਉਨ੍ਹਾਂ ਅੱਗੇ ਆਖਿਆ ਕਿ ਇਸ ਫੌਰੀ ਨਿਵੇਸ਼ ਦੇ ਨਾਲ ਨਾਲ ਇਸ ਯੋਜਨਾ ਉੱਤੇ ਲੰਮੇਂ ਸਮੇਂ ਲਈ ਵੀ ਖਰਚ ਕੀਤਾ ਜਾਵੇਗਾ। ਇਸ ਯੋਜਨਾ ਉੱਤੇ 20 ਸਾਲਾਂ ਵਿੱਚ ਕੁੱਲ ਮਿਲਾ ਕੇ 40 ਬਿਲੀਅਨ ਡਾਲਰ ਖਰਚੇ ਜਾਣਗੇ। ਇਸ ਨਾਲ ਕੈਨੇਡੀਅਨਜ਼ ਦੀਆਂ ਆਉਣ ਵਾਲੀਆਂ ਕਈ ਪੀੜ੍ਹੀਆਂ ਮਹਿਫੂਜ਼ ਹੋ ਜਾਣਗੀਆਂ।

ਆਨੰਦ ਨੇ ਪੰਜ ਖੇਤਰਾਂ ਦੀ ਗੱਲ ਕੀਤੀ ਜਿਨ੍ਹਾਂ ਵਿੱਚ ਇਹ ਨਿਵੇਸ਼ ਕੀਤਾ ਜਾਵੇਗਾ। ਇਸ ਦੌਰਾਨ ਸਰਵੇਲੈਂਸ ਸਿਸਟਮ- ਜਿਸ ਵਿੱਚ ਲਾਂਗ ਰੇਂਜ ਵਾਲੇ ਰਡਾਰ ਤੇ ਸੈਂਸਰ ਸ਼ਾਮਲ ਹੋਣਗੇ-ਜਿਹੜੇ ਆਰਕਟਿਕ ਵੱਲੋਂ ਆਉਣ ਵਾਲੇ ਕਿਸੇ ਵੀ ਤਰ੍ਹਾਂ ਦੇ ਖਤਰੇ ਨੂੰ ਪਛਾਣ ਲੈਣਗੇ। ਨਵਾਂ ਸਿਸਟਮ ਨੌਰਥ ਵਾਰਨਿੰਗ ਸਿਸਟਮ ਨੂੰ ਬਦਲੇਗਾ। ਇਹ ਪੁਰਾਣਾ ਸਿਸਟਮ 1980ਵਿਆਂ ਵਿੱਚ ਰੂਸੀ ਬੰਬਾਰਾਂ ਦੀ ਪਛਾਣ ਕਰਨ ਲਈ ਤਿਆਰ ਕੀਤਾ ਗਿਆ ਸੀ। ਪਰ ਨਾ ਹੀ ਆਨੰਦ ਤੇ ਨਾ ਹੀ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਵੇਅਨ ਆਇਰ ਜਾਂ ਨੋਰਾਡ ਦੇ ਡਿਪਟੀ ਕਮਾਂਡਰ ਲੈਫਟੀਨੈਂਟ ਜਨਰਲ ਐਲੇਨ ਪੈਲੇਤੀਅਰ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਕਿ ਨੌਰਥ ਵਾਰਨਿੰਗ ਸਿਸਟਮ ਨੂੰ ਕਦੋਂ ਬਦਲਿਆ ਜਾਵੇਗਾ।

# ਗੈਸ ਟੈਕਸ ਘਟਾਉਣ ਬਾਰੇ ਵਿਚਾਰ ਕਰ ਰਹੀ ਹੈ ਸਰਕਾਰ : ਫਰੀਲੈਂਡ



ਓਟਵਾ, 23 ਜੂਨ (ਪੋਸਟ ਬਿਊਰੋ) :ਮਹਿੰਗਾਈ ਦੇ ਇਸ ਦੌਰ ਵਿੱਚ ਕਈ ਕੈਨੇਡੀਅਨਜ਼ ਨੂੰ ਜੂਨ ਗੁਜ਼ਾਰੇ ਲਈ ਕਾਫੀ ਸੰਘਰਸ਼ ਕਰਨਾ ਪੈ ਰਿਹਾ ਹੈ। ਅਜਿਹੇ ਵਿੱਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਇਹ ਸੰਕੇਤ ਦਿੱਤਾ ਹੈ ਕਿ ਫੈਡਰਲ ਸਰਕਾਰ ਗੈਸ ਟੈਕਸ ਘਟਾਉਣ ਦੇ ਬਦਲ ਉੱਤੇ ਵਿਚਾਰ ਕਰ ਰਹੀ ਹੈ।

ਵਿੱਤ ਮੰਤਰੀ ਫਰੀਲੈਂਡ ਨੇ ਆਖਿਆ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਜੇ ਸਰਕਾਰ ਨੂੰ ਹੋਰ ਕੁੱਝ ਕਰਨਾ ਪਿਆ ਤਾਂ ਉਹ ਕਰੇਗੀ। ਇਸ ਤੋਂ ਪਹਿਲਾਂ ਉਨ੍ਹਾਂ ਆਖਿਆ ਸੀ ਕਿ ਕੈਨੇਡਾ, ਅਮਰੀਕਾ ਤੋਂ ਵੱਖਰਾ ਹੈ। ਅਮਰੀਕਾ ਪੂਰੀ ਸਰਗਰਮੀ ਨਾਲ ਗੈਸ ਟੈਕਸ ਹਾਲੀਡੇਅ ਬਾਰੇ ਵਿਚਾਰ ਕਰ ਰਿਹਾ ਹੈ।

ਅਮਰੀਕਾ ਦੀ ਖਜ਼ਾਨਾ ਮੰਤਰੀ ਜੈਨੇਟ ਯੈਲਨ ਨੇ ਆਖਿਆ ਕਿ ਕੰਜ਼ਿਊਮਰ ਗੈਸ ਦੀਆਂ ਉੱਚੀਆਂ ਕੀਮਤਾਂ ਕਾਰਨ ਕਾਫੀ ਪਰੇਸ਼ਾਨ ਹਨ। ਇਹ ਅਮਰੀਕੀ ਘਰਾਂ ਉੱਤੇ ਵਾਧੂ ਦਾ ਬੋਝ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਗੈਸ ਟੈਕਸ ਮਾਪਦੰਡਾਂ ਬਾਰੇ ਅਮਰੀਕਾ ਵਿੱਚ ਫੈਸਲਾ ਇਸ ਹਫਤੇ ਦੇ ਅੰਤ ਤੱਕ ਆ ਸਕਦਾ ਹੈ। ਇਸ ਦੌਰਾਨ ਫਰੀਲੈਂਡ ਨੇ ਮਹਿੰਗਾਈ ਨਾਲ ਸੰਘਰਸ਼ ਕਰ ਰਹੇ ਕੈਨੇਡੀਅਨਜ਼ ਦੀ ਮਦਦ ਵਿੱਚ ਵਾਧਾ ਕਰਨ ਤੇ ਕਾਰਬਨ ਟੈਕਸ ਛੋਟ ਬਾਰੇ ਵੀ ਗੱਲ ਕੀਤੀ। ਬੀਤੇ ਦਿਨੀਂ ਉਨ੍ਹਾਂ ਇਹ ਵੀ ਆਖਿਆ ਸੀ ਕਿ ਤੇਜ਼ੀ ਨਾਲ ਵੱਧ ਰਹੀ ਮਹਿੰਗਾਈ ਗਲੋਬਲ ਵਰਤਾਰਾ ਹੈ ਤੇ ਇਹ ਮਹਾਂਮਾਰੀ ਦੇ ਨਾਲ ਨਾਲ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਗਈ ਚੜ੍ਹਾਈ ਦਾ ਵੀ ਨਤੀਜਾ ਹੈ।

ਕੰਜ਼ਰਵੇਟਿਵਜ਼ ਪਿਛਲੇ ਕਈ ਹਫਤਿਆਂ ਤੋਂ ਗੈਸ ਉੱਤੇ ਲਾਏ ਜਾਣ ਵਾਲੇ ਫੈਡਰਲ ਟੈਕਸ ਨੂੰ ਸਸਪੈਂਡ ਕਰਨ ਦੀ ਮੰਗ ਕਰ ਰਹੇ ਹਨ ਤਾਂ ਕਿ ਕੈਨੇਡੀਅਨਜ਼ ਨੂੰ ਵੀ ਪੰਪ ਉੱਤੇ ਥੋੜ੍ਹਾ ਸਾਹ ਆ ਸਕੇ। ਕੈਨੇਡਾ ਵਿੱਚ ਕਈ ਥਾਂਵਾਂ ਉੱਤੇ ਗੈਸ ਦੀ ਕੀਮਤ 2 ਡਾਲਰ ਪ੍ਰਤੀ ਲੀਟਰ ਤੋਂ ਵੀ ਵੱਧ ਗਈ ਹੈ।

# ਗੱਡੀ ਨਾਲ ਟੱਕਰ ਤੋਂ ਬਾਅਦ ਮੋਟਰਸਾਈਕਲਿਸਟ ਜ਼ਖ਼ਮੀ



ਪਿੱਕਰਿੰਗ, 23 ਜੂਨ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਪਿੱਕਰਿੰਗ ਵਿੱਚ ਹਾਈਵੇਅ 407 ਉੱਤੇ ਹੋਏ ਹਾਦਸੇ ਤੋਂ ਬਾਅਦ ਮੋਟਰਸਾਈਕਲ ਸਵਾਰ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਨੇ ਦੱਸਿਆ ਕਿ ਦੁਪਹਿਰੇ 4:30 ਵਜੇ ਦੇ ਨੇੜੇ ਤੇੜੇ ਸਾਲੇਮ ਰੋਡ ਨੇੜੇ ਹਾਈਵੇਅ 407 ਦੀਆਂ ਪੱਛਮ ਵਾਲੀਆਂ ਲੇਨਜ਼ ਉੱਤੇ ਮੋਟਰਸਾਈਕਲ ਤੇ ਇੱਕ ਗੱਡੀ ਦਰਮਿਆਨ ਟੱਕਰ ਹੋ ਗਈ। ਇਸ ਹਾਦਸੇ ਕਾਰਨ ਹਾਈਵੇਅ ਦੀਆਂ ਪੱਛਮ ਵਾਲੀਆਂ ਲੇਨਜ਼ ਨੂੰ ਬੰਦ ਕਰ ਦਿੱਤਾ ਗਿਆ ਤੇ ਸਾਰਾ ਟਰੈਫਿਕ ਲੇਕ ਰਿੱਜ ਰੋਡ ਵੱਲੋਂ ਭੇਜਿਆ ਜਾ ਰਿਹਾ ਹੈ।

ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਟਵਿੱਟਰ ਉੱਤੇ ਪੋਸਟ ਕੀਤੇ ਇੱਕ ਵੀਡੀਓ ਵਿੱਚ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕਰਨ ਲਈ ਕੌਲੀਜ਼ਨ ਰੀਕਨਸਟ੍ਰਕਸ਼ਨ ਟੀਮ ਮੌਕੇ ਉੱਤੇ ਪਹੁੰਚ ਰਹੀ ਹੈ। ਪਹਿਲਾਂ ਹਾਦਸੇ ਤੋਂ ਬਾਅਦ ਏਅਰ ਐਂਬੂਲੈਂਸ ਘਟਨਾ ਵਾਲੀ ਥਾਂ ਉੱਤੇ ਭੇਜਣ ਦਾ ਫੈਸਲਾ ਕੀਤਾ ਗਿਆ ਪਰ ਬਾਅਦ ਵਿੱਚ ਜ਼ਖ਼ਮੀ ਵਿਅਕਤੀ ਨੂੰ ਜ਼ਮੀਨੀ ਰਸਤੇ ਰਾਹੀਂ ਐਂਬੂਲੈਂਸ ਵਿੱਚ ਭੇਜਣ ਦਾ ਫੈਸਲਾ ਕੀਤਾ ਗਿਆ। ਖਬਰ ਲਿਖੇ ਜਾਣ ਤੱਕ ਇਹ ਸਪਸ਼ਟ ਨਹੀਂ ਸੀ ਹੋ ਸਕਿਆ ਕਿ ਹਾਈਵੇਅ ਨੂੰ ਕਦੋਂ ਖੋਲ੍ਹਿਆ ਜਾਵੇਗਾ।

# ਹਾਊਸ ਆਫ ਕਾਮਨਜ਼ ਦੇ ਹਾਈਬ੍ਰਿਡ ਮਾਡਲ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਲਿਬਰਲ



ਓਟਵਾ, 23 ਜੂਨ (ਪੋਸਟ ਬਿਊਰੋ) : ਪਬਲਿਕ ਹੈਲਥ ਹਾਲਾਤ ਵਿੱਚ ਸੁਧਾਰ ਦੇ ਬਾਵਜੂਦ ਲਿਬਰਲਾਂ ਵੱਲੋਂ ਇੱਕ ਸਾਲ ਹੋਰ ਹਾਊਸ ਆਫ ਕਾਮਨਜ਼ ਦੇ ਮੌਜੂਦਾ ਹਾਈਬ੍ਰਿਡ ਮਾਡਲ ਨੂੰ ਜਾਰੀ ਰੱਖਣ ਲਈ ਦਬਾਅ ਪਾਇਆ ਜਾ ਰਿਹਾ ਹੈ। ਇਹ ਵੀ ਕਿਆਫੇ ਲਾਏ ਜਾ ਰਹੇ ਹਨ ਕਿ ਲਿਬਰਲਾਂ ਵੱਲੋਂ ਅਜਿਹਾ ਜਵਾਬਦੇਹੀ ਤੋਂ ਬਚਣ ਲਈ ਕੀਤਾ ਜਾ ਰਿਹਾ ਹੈ।

ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਬਸੰਤ ਦੀ ਸਿਟਿੰਗ ਜਲਦ ਖ਼ਤਮ ਹੋਣ ਮੌਕੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਨੇ ਐਲਾਨ ਕੀਤਾ ਕਿ ਉਹ ਹਾਊਸ ਆਫ ਕਾਮਨਜ਼ ਤੇ ਕਮੇਟੀਆਂ ਦੀ ਕਾਰਵਾਈ 2023 ਵਿੱਚ ਵਰਚੂਅਲੀ ਚਲਾਉਣ ਲਈ ਮਤਾ ਪੇਸ਼ ਕਰਨਗੇ। ਹਾਲੈਂਡ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਸ ਮਤੇ ਬਾਰੇ ਵਿਰੋਧੀ ਪਾਰਟੀਆਂ ਦੇ ਹਾਊਸ ਲੀਡਰਜ਼ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ ਤੇ ਉਹ ਗਰਮੀਆਂ ਦੀਆਂ ਛੁੱਟੀਆਂ ਲਈ ਸੰਸਦ ਦੀ ਕਾਰਵਾਈ ਨੂੰ ਖ਼ਤਮ ਕਰਨ ਤੋਂ ਪਹਿਲਾਂ ਇਹ ਮਤਾ ਪੇਸ਼ ਕਰਕੇ ਬੁੱਧਵਾਰ ਤੇ ਵੀਰਵਾਰ ਨੂੰ ਇਸ ਉੱਤੇ ਬਹਿਸ ਤੇ ਵੋਟਿੰਗ ਕਰਵਾਉਣੀ ਚਾਹੁੰਦੇ ਹਨ।

ਜ਼ਿਕਰਯੋਗ ਹੈ ਕਿ ਮੌਜੂਦਾ ਮਤੇ ਤਹਿਤ ਹਾਇਬ੍ਰਿਡ ਸਿਟਿੰਗਜ਼ ਵੀਰਵਾਰ ਤੋਂ ਖ਼ਤਮ ਹੋਣ ਜਾ ਰਹੀਆਂ ਹਨ। ਹਾਲੈਂਡ ਨੇ ਆਖਿਆ ਕਿ ਅਸੀਂ ਅਜੇ ਵੀ ਮਹਾਂਮਾਰੀ ਵਿੱਚੋਂ ਹੀ ਲੰਘ ਰਹੇ ਹਾਂ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਾਰੇ ਮੈਂਬਰ ਪਾਰਲੀਆਮੈਂਟ ਹਿੱਸਾ ਪਾਰਲੀਆਮੈਂਟ ਦੀ ਕਾਰਵਾਈ ਵਿੱਚ ਲੈ ਸਕਣ। ਸਾਰੀਆਂ ਪਾਰਟੀਆਂ ਹਾਲੈਂਡ ਦੇ ਇਸ ਮਤੇ ਨਾਲ ਸਹਿਮਤ ਨਹੀਂ ਹਨ।

# ਬਰੈਂਪਟਨ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਬਰੈਂਪਟਨ, 23 ਜੂਨ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਨੂੰ ਬਰੈਂਪਟਨ ਦੇ ਕਮਰਸ਼ੀਅਲ ਪਲਾਜ਼ਾ ਵਿੱਚ ਗੋਲੀ ਮਾਰੇ ਜਾਣ ਕਾਰਨ ਇੱਕ ਵਿਅਕਤੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗੋਲੀਆਂ ਚੱਲਣ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਰਾਤੀਂ 11:12 ਵਜੇ ਸੈਂਡਲਵੁੱਡ ਪਾਰਕਵੇਅ ਵੈਸਟ ਤੇ ਚਿੰਗੁਆਕਸੇ ਰੋਡ ਉੱਤੇ ਸੱਦਿਆ ਗਿਆ। ਉੱਥੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਦੇ ਟਰੌਮਾ ਸੈਂਟਰ ਲਿਜਾਇਆ ਗਿਆ।

ਇੱਕ ਚਸ਼ਮਦੀਦ ਗਵਾਹ ਨੇ ਦੱਸਿਆ ਕਿ ਮੌਕਾ-ਏ-ਵਾਰਦਾਤ ਕੋਲੋਂ ਉਸ ਨੇ ਇੱਕ ਸੰਤਰੀ ਰੰਗ ਦਾ ਡੌਜ ਰੈਮ 1500 ਪਿੱਕ ਅੱਪ ਟਰੱਕ ਜਾਂਦਿਆਂ ਵੇਖਿਆ। ਡੇਅਰੀ ਕੁਈਨ ਨੇੜੇ ਸਥਿਤ ਪਾਰਕਿੰਗ ਲੌਟ ਨੂੰ ਵਲ ਕੇ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਨੇੜ ਭਵਿੱਖ ਵਿਚ ਘਟਣ ਨਹੀਂ ਵਾਲੀ ਏਅਰਪੋਰਟਸ ਦੀ ਮਸ਼ਰੂਫੀਅਤ




ਓਟਵਾ, 23 ਜੂਨ (ਪੋਸਟ ਬਿਊਰੋ) : ਇੱਕ ਵਾਰੀ ਮੁੜ ਟਰੈਵਲ ਵਿੱਚ ਆਈ ਤੇਜ਼ੀ ਤੇ ਕੈਨੇਡਾ ਦੇ ਸੱਭ ਤੋਂ ਮਸ਼ਰੂਫ ਏਅਰਪੋਰਟ ਉੱਤੇ ਯਾਤਰੀਆਂ ਨੂੰ ਹੋਣ ਵਾਲੀ ਦੇਰ ਦਾ ਜਿਹੜਾ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਵਿੱਚ ਹਾਲ ਦੀ ਘੜੀ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਦੂਜੇ ਪਾਸੇ ਓਮਾਈਕ੍ਰੌਨ ਦੇ ਨਵੇਂ ਸਬਵੇਰੀਐਂਟ ਦੇ ਮਿਲਣ ਨਾਲ ਕੁੱਝ ਮਾਹਿਰਾਂ ਦਾ ਕਹਿਣਾ ਹੈ ਕਿ ਹਾਲਾਤ ਜਲਦੀ ਸੁਲਝਣ ਵਾਲੇ ਨਹੀਂ।

ਐਤਵਾਰ ਨੂੰ ਟਰੈਵਲ ਮਾਹਿਰ ਜਿੰਮ ਬਾਇਰਜ਼ ਨੇ ਆਖਿਆ ਕਿ ਆਪਣੇ ਬੈਗ ਪੈਕ ਕਰ ਲਵੋ ਤੇ ਆਪਣੇ ਸਬਰ ਦਾ ਇਮਤਿਹਾਨ ਲਵੋ। ਲੰਮੇਂ ਸਮੇਂ ਤੋਂ ਚੱਲ ਰਹੀਆਂ ਡੀਲੇਅਜ਼, ਫਲਾਈਟਸ ਕੈਂਸਲ ਹੋਣ ਕਾਰਨ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਟਰੈਵਲਰਜ਼ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਈ ਵਿੱਚ ਪੀਅਰਸਨ ਉੱਤੇ ਇੰਟਰਨੈਸ਼ਨਲ ਫਲਾਈਟਸ ਉੱਤੇ ਇੱਥੇ ਪਹੁੰਚੇ ਅੱਧਾ ਮਿਲੀਅਨ ਟਰੈਵਲਰਜ਼ ਇੱਥੇ ਫਸ ਕੇ ਰਹਿ ਗਏ।

ਕਈਆਂ ਨੇ ਕਸਟਮਜ਼ ਉੱਤੇ ਸਟਾਫ ਦੀ ਘਾਟ ਨੂੰ ਇਸ ਤਰ੍ਹਾਂ ਦੀ ਦੇਰ ਦਾ ਕਾਰਨ ਦੱਸਿਆ ਤੇ ਕਈਆਂ ਨੇ ਇਮੀਗ੍ਰੇਸ਼ਨ ਡੈਸਕਸ ਉੱਤੇ ਘੱਟ ਸਟਾਫ ਨੂੰ ਇਸ ਦੀ ਵਜ੍ਹਾ ਦੱਸਿਆ। ਇਸ ਦੇ ਨਾਲ ਹੀ ਕੋਵਿਡ-19 ਸਬੰਧੀ ਬਾਰਡਰ ਮਾਪਦੰਡ, ਯਾਤਰੀਆਂ ਦੀ ਗਿਣਤੀ ਵਿੱਚ ਹੋਏ ਵਾਧੇ ਨੂੰ ਵੀ ਇਸ ਸਮੱਸਿਆ ਲਈ ਜ਼ਿੰਮੇਵਾਰ ਦੱਸਿਆ ਗਿਆ। ਬਾਇਰਜ਼ ਨੇ ਆਖਿਆ ਕਿ ਟਰੈਵਲਰਜ਼ ਨੂੰ ਅਹਿਤਿਆਤਨ ਤਿੰਨ ਘੰਟੇ ਪਹਿਲਾਂ ਪੀਅਰਸਨ ਉੱਤੇ ਪਹੁੰਚਣਾ ਚਾਹੀਦਾ ਹੈ।

ਇਸ ਦੌਰਾਨ ਫੈਡਰਲ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਏਅਰਪੋਰਟਸ ਉੱਤੇ ਉਡੀਕ ਸਮੇਂ ਨੂੰ ਘਟਾਉਣ ਲਈ ਲੱਗਭਗ 900 ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ ਸਕਰੀਨਿੰਗ ਅਧਿਕਾਰੀਆਂ ਨੂੰ ਹਾਇਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ 11 ਜੂਨ ਤੋਂ ਸਾਰੇ ਏਅਰਪੋਰਟਸ ਉੱਤੇ ਅਚਨਚੇਤੀ ਕੋਵਿਡ-19 ਟੈਸਟਿੰਗ ਵੀ ਸਸਪੈਂਡ ਕਰ ਦਿੱਤੀ ਗਈ ਹੈ। ਸੋਮਵਾਰ ਤੋਂ ਘਰੇਲੂ ਤੇ ਬਾਹਰ ਜਾਣ ਵਾਲੇ ਇੰਟਰਨੈਸ਼ਨਲ ਟਰੈਵਲਰਜ਼ ਨੂੰ ਹੁਣ ਕੋਵਿਡ-19 ਖਿਲਾਫ ਵੈਕਸੀਨੇਸ਼ਨ ਦਾ ਸਬੂਤ ਨਹੀਂ ਵਿਖਾਉਣਾ ਹੋਵੇਗਾ। ਪਰ ਵਿਦੇਸ਼ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਦਾ ਵੈਕਸੀਨੇਟ ਹੋਣਾ ਜ਼ਰੂਰੀ ਹੈ।

# ਬਰੈਂਪਟਨ ਦੇ ਚਾਂਦਨੀ ਕਨਵੈਨਸ਼ਨ ਸੈਂਟਰ ਉੱਤੇ ਚੱਲੀਆਂ ਗੋਲੀਆਂ, 2 ਹਲਾਕ

ਬਰੈਂਪਟਨ, 23 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਸਵੇਰ ਵੇਲੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਦੋ ਵਿਅਕਤੀ ਮਾਰੇ ਗਏ। ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 911 ਉੱਤੇ ਤੜ੍ਹਕੇ 2:00 ਵਜੇ ਕੁਈਨ ਸਟਰੀਟ ਈਸਟ ਤੇ ਏਅਰਪੋਰਟ ਰੋਡ ਇਲਾਕੇ ਵਿੱਚ ਗੇਟਵੇਅ ਬੋਲੇਵਾਰਡ ਉੱਤੇ ਚਾਂਦਨੀ ਕਨਵੈਂਸ਼ਨ ਸੈਂਟਰ ਉੱਤੇ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ।

ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਗੋਲੀਆਂ ਲੱਗਣ ਕਾਰਨ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਹੀ ਇੱਕ ਵਿਅਕਤੀ ਨੂੰ ਮੌਕੇ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ।




ਕਿਸੇ ਵੀ ਮਸ਼ਕੂਕ ਜਾਂ ਗੱਡੀ ਬਾਰੇ ਕੋਈ ਵੇਰਵਾ ਹਾਲ ਦੀ ਘੜੀ ਜਾਰੀ ਨਹੀਂ ਕੀਤਾ ਗਿਆ ਹੈ।

ਪੁਲਿਸ ਵੱਲੋਂ ਅਜਿਹੇ ਚਸ਼ਮਦੀਦਾਂ ਨੂੰ ਸਾਹਮਣੇ ਆਂਉਣ ਦੀ ਅਪੀਲ ਕੀਤੀ ਗਈ ਹੈ ਜਿਹੜੇ ਗੋਲੀ ਚੱਲਣ ਮੌਕੇ ਕਿਸੇ ਈਵੈਂਟ ਵਿੱਚ ਹਿੱਸਾ ਲੈ ਰਹੇ ਹੋਣ ਤੇ ਜਿਨ੍ਹਾਂ ਕੋਲ ਇਸ ਸਬੰਧ ਵਿੱਚ ਕੋਈ ਜਾਣਕਾਰੀ ਹੋਵੇ। ਬੈਂਕੁਏਟ ਹਾਲ ਦੇ ਜਨਰਲ ਮੈਨੇਜਰ ਰਿਚਰਡ ਮਾਰਸ਼ਲ ਨੇ ਦੱਸਿਆ ਕਿ ਗੋਲੀ ਉਸ ਸਮੇਂ ਚੱਲੀ ਜਦੋਂ ਹਾਲ ਵਿੱਚ ਫਾਦਰਜ਼ ਡੇਅ ਬਾਲ ਈਵੈਂਟ ਚੱਲ ਰਿਹਾ ਸੀ।

ਰਿਚਰਡ ਮਾਰਸ਼ਲ ਨੇ ਦੱਸਿਆ ਕਿ ਬਿਲਡਿੰਗ ਦੇ ਬਾਹਰ ਲੱਗੇ ਸਰਵੇਲੈਂਸ ਕੈਮਰਿਆਂ ਤੋਂ ਪਤਾ ਲੱਗਿਆ ਹੈ ਕਿ ਮਸ਼ਕੂਕ ਈਵੈਂਟ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਸ਼ੂਟਿੰਗ ਤੋਂ ਪਹਿਲਾਂ ਸਕਿਊਰਿਟੀ ਵੱਲੋਂ ਉਨ੍ਹਾਂ ਨੂੰ ਬਾਹਰ ਕਰ ਦਿੱਤਾ ਗਿਆ। ਮਾਰਸ਼ਲ ਨੇ ਦੱਸਿਆ ਕਿ ਸਾਰੀ ਫੁਟੇਜ ਜਾਂਚ ਲਈ ਪੁਲਿਸ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਕਾਬੂ ਕਰ ਲਿਆ ਜਾਵੇਗਾ।

ਮਾਰਸ਼ਲ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਈਵੈਂਟਸ ਲਈ ਪੀਲ ਪੁਲਿਸ ਨੂੰ ਪੁਲਿਸ ਅਧਿਕਾਰੀਆਂ ਦੀ ਡਿਊਟੀ ਲਾਉਣ ਦੀ ਅਪੀਲ ਕੀਤੀ ਗਈ ਸੀ ਪਰ ਛੇਵੀਂ ਵਾਰੀ ਵੀ ਇਹ ਅਪੀਲ ਠੁਕਰਾ ਦਿੱਤੀ ਗਈ। ਮਾਰਸ਼ਲ ਨੇ ਆਖਿਆ ਕਿ ਪੁਲਿਸ ਨੂੰ ਪੇਡ ਡਿਊਟੀ ਲਈ ਕੀਤੀ ਇਹ ਅਪੀਲ ਕਿਉਂ ਠੁਕਰਾਈ ਗਈ ਇਸ ਪਿੱਛੇ ਕੋਈ ਕਾਰਨ ਨਹੀਂ ਦੱਸਿਆ ਗਿਆ।

# ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਚਾਰ ਜ਼ਖ਼ਮੀ

ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜ-ਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੈਕੋਵਨ ਰੋਡ ਤੇ ਮਿਲਨਰ ਐਵਨਿਊ ਵਿੱਚ ਗੋਲੀਆਂ ਚੱਲਣ ਕਾਰਨ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀਆਂ ਕਈ ਖਬਰਾਂ ਮਿਲੀਆਂ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਚਾਰ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਈਐਮਐਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ ਤੇ ਦੋ ਹੋਰਨਾਂ ਦੀ ਹਾਲਤ ਵੀ ਨਾਜ਼ੁਕ ਹੈ ਜਦਕਿ ਇੱਕ ਮਹਿਲਾ ਮਾਮੂਲੀ ਜ਼ਖ਼ਮੀ ਹੈ।

ਇਨ੍ਹਾਂ ਚਾਰਾਂ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ। ਪੁਲਿਸ ਨੇ ਦੱਸਿਆ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਾਨੂੰ ਆਪਣੀ ਵੋਟਰ ਬੇਸ ਦਾ ਪਸਾਰ ਕਰਨਾ ਹੋਵੇਗਾ : ਬ੍ਰਾਊਨ



ਓਟਵਾ, 23 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਪੈਟ੍ਰਿਕ ਬ੍ਰਾਊਨ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪਾਰਟੀ ਦੇ ਲੀਡਰ ਦੇ ਅਹੁਦੇ ਲਈ ਐਨਡੀਪੀ ਤੇ ਲਿਬਰਲ ਵੋਟਰ ਉਨ੍ਹਾਂ ਨੂੰ ਬਿਹਤਰ ਉਮੀਦਵਾਰ ਮੰਨਦੇ ਹਨ।

ਲੈਜਰ ਵੱਲੋਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਵਿੱਚ ਇਹ ਪਾਇਆ ਗਿਆ ਸੀ ਕਿ ਐਨਡੀਪੀ ਤੇ ਲਿਬਰਲ ਵੋਟਰਾਂ ਵੱਲੋਂ ਲੀਡਰਸ਼ਿਪ ਦੇ ਅਹੁਦੇ ਲਈ ਕਿਊਬਿਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੈਸਟ ਤੇ ਬ੍ਰਾਊਨ ਦਾ ਪੱਖ ਪੂਰਿਆ ਜਾ ਰਿਹਾ ਹੈ ਜਦਕਿ ਕੰਜ਼ਰਵੇਟਿਵ ਵੋਟਰਾਂ ਵੱਲੋਂ ਓਟਵਾ ਤੋਂ ਐਮਪੀ ਪਿਏਰ ਪੌਲੀਐਵਰ ਨੂੰ ਇਸ ਅਹੁਦੇ ਦਾ ਦਾਅਵੇਦਾਰ ਮੰਨਿਆ ਜਾ ਰਿਹਾ ਹੈ।

ਬੀਤੇ ਦਿਨੀਂ ਹੈਮਿਲਟਨ ਚੈਪਟਰ ਆਫ ਦ ਮੈਕਡੌਨਲਡ ਕਾਰਟੀਅਰ ਕਲੱਬ ਦੇ ਮੁੱਖ ਬੁਲਾਰੇ ਬ੍ਰਾਊਨ ਨੇ ਬ੍ਰੇਕਫਾਸਟ ਮੀਟਿੰਗ ਵਿੱਚ ਆਖਿਆ ਕਿ ਜੇ ਪਾਰਟੀ ਸੰਜ਼ੀਦਗੀ ਨਾਲ ਸੱਤਾ ਵਿੱਚ ਆਉਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੇ ਵੋਟਰ ਬੇਸ ਦਾ ਪਸਾਰ ਕਰਨਾ ਹੋਵੇਗਾ। ਤੁਹਾਨੂੰ ਲਿਬਰਲਾਂ ਤੇ ਐਨਡੀਪੀ ਦੀਆਂ ਵੋਟਾਂ ਚੋਰੀ ਕਰਨੀਆਂ ਹੋਣਗੀਆਂ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਅਸੀਂ ਜੀਟੀਏ ਤੇ ਹੈਮਿਲਟਨ ਵਿੱਚ ਜਿੱਤ ਸਕਦੇ ਹਾਂ। ਸਾਨੂੰ ਬੱਸ ਇਸ ਵਾਰੀ ਥੋੜ੍ਹਾ ਅਲੱਗ ਢੰਗ ਨਾਲ ਕੁੱਝ ਕਰਨਾ ਹੋਵੇਗਾ। ਪਹਿਲਾਂ ਵਾਲੀ ਪਹੁੰਚ ਅਪਨਾਉਣ ਨਾਲ ਕੁੱਝ ਨਹੀਂ ਸੰਵਰਨ ਵਾਲਾ। ਇਹ ਕਾਰਗਰ ਨਹੀਂ ਹੋਵੇਗੀ।

ਬ੍ਰਾਊਨ ਨੇ ਆਖਿਆ ਕਿ ਉਹ ਲਿਬਰਲ ਤੇ ਐਨਡੀਪੀ ਗੱਠਜੋੜ ਨੂੰ ਚੁਣੌਤੀ ਦੇਣ ਲਈ ਇਨਫਰਾਸਟ੍ਰਕਚਰ ਦਾ ਨਿਰਮਾਣ ਕਰ ਰਹੇ ਹਨ। ਬ੍ਰਾਊਨ ਨੇ ਇਹ ਵੀ ਆਖਿਆ ਕਿ ਪੌਲੀਐਵਰ ਪਾਰਟੀ ਦਾ ਵਿਕਾਸ ਨਹੀਂ ਕਰ ਸਕਦੇ। ਤੁਹਾਨੂੰ ਲੋਕਾਂ ਦਾ ਵਿਸ਼ਵਾਸ ਜਿੱਤਣਾ ਹੁੰਦਾ ਹੈ। ਇਸ ਤੋਂ ਲੱਗਦਾ ਹੈ ਕਿ ਅਸੀਂ ਉਨ੍ਹਾਂ ਲਈ ਲੜਾਂਗੇ।

# ਬਿਨਾਂ ਤਜ਼ਰਬੇ ਵਾਲੇ ਵਰਕਰਜ਼ ਨੂੰ ਹਾਇਰ ਕਰਨ ਲਈ ਵੀ ਤਿਆਰ ਹਨ ਕੈਨੇਡੀਅਨ ਇੰਪਲੌਇਰਜ਼ : ਰਿਪੋਰਟ



ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਕੈਨੇਡੀਅਨ ਇੰਪਲੌਇਰਜ਼ ਕਿਸੇ ਵੀ ਤਜ਼ਰਬੇ ਤੋਂ ਬਿਨਾਂ ਵਰਕਰਜ਼ ਨੂੰ ਹਾਇਰ ਕਰਨ ਲਈ ਤਿਆਰ ਹਨ। ਅਜਿਹਾ ਲੇਬਰ ਮਾਰਕਿਟ ਵਿੱਚ ਆਈ ਤੰਗੀ ਕਾਰਨ ਕੀਤਾ ਜਾ ਰਿਹਾ ਹੈ।

ਅੱਜ ਜਾਰੀ ਕੀਤੀ ਗਈ ਰਿਸਰਚ ਵਿੱਚ ਆਖਿਆ ਗਿਆ ਕਿ ਪਹਿਲਾਂ ਕਈ ਅਹੁਦਿਆਂ ਲਈ ਜਿੱਥੇ ਤਜ਼ਰਬਾ ਤੇ ਸਿੱਖਿਆ ਦੀ ਅਹਿਮ ਥਾਂ ਹੁੰਦੀ ਸੀ ਹੁਣ ਲੇਬਰ ਦੀ ਘਾਟ ਕਾਰਨ ਇਸ ਦੀ ਕੋਈ ਖਾਸ ਅਹਿਮੀਅਤ ਨਹੀਂ ਰਹਿ ਗਈ ਹੈ। ਇੰਪਲੌਇਮੈਂਟ ਵੈੱਬਸਾਈਟ ਇੰਡੀਡ ਲਈ ਸੈਂਸਸਵਾਈਡ ਵੱਲੋਂ ਆਨਲਾਈਨ ਕਰਵਾਏ ਗਏ ਸਰਵੇਖਣ ਵਿੱਚ ਇਹ ਨਤੀਜੇ ਸਾਹਮਣੇ ਆਏ। ਇਸ ਸਰਵੇਖਣ ਵਿੱਚ ਕੈਨੇਡਾ ਭਰ ਦੇ 1,000 ਇੰਪਲੌਇਰਜ਼ ਨੇ ਹਿੱਸਾ ਲਿਆ।

ਸਰਵੇਖਣ ਵਿੱਚ ਪਾਇਆ ਗਿਆ ਕਿ 77 ਫੀ ਸਦੀ ਕੈਨੇਡੀਅਨ ਇੰਪਲੌਇਰਜ਼ ਅਜਿਹੇ ਉਮੀਦਵਾਰਾਂ ਨੂੰ ਨੌਕਰੀ ਦੇਣੀ ਚਾਹੁੰਦੇ ਹਨ ਜਿਨ੍ਹਾਂ ਦੇ ਇੰਟਰਪਰਸਨਲ ਸਕਿੱਲਜ਼ ਵਧੀਆ ਹੋਣ ਤੇ ਜਿਨ੍ਹਾਂ ਵਿੱਚ ਕੁੱਝ ਨਵਾਂ ਸਿੱਖਣ ਦੀ ਚਾਹ ਹੋਵੇ। ਇਹ ਵੀ ਪਾਇਆ ਗਿਆ ਕਿ ਪੰਜ ਵਿੱਚੋਂ ਚਾਰ ਇੰਪਲੌਇਰਜ਼ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੰਪਨੀ ਉਨ੍ਹਾਂ ਬਿਨੈਕਾਰਾਂ ਨੂੰ ਹਾਇਰ ਕਰਨ ਉੱਤੇ ਵਿਚਾਰ ਕਰੇਗੀ ਜਿਨ੍ਹਾਂ ਕੋਲ ਨੌਕਰੀ ਲਈ ਕੋਈ ਡਿਗਰੀ ਜਾਂ ਸਰਟੀਫਿਕੇਸ਼ਨ ਨਾ ਹੋਵੇ ਸਗੋਂ ਉਨ੍ਹਾਂ ਵੱਲੋਂ ਨਵੇਂ ਵਰਕਰਜ਼ ਨੂੰ ਕੰਮ ਉੱਤੇ ਮੁਹੱਈਆ ਕਰਵਾਈ ਜਾਣ ਵਾਲੀ ਟਰੇਨਿੰਗ ਦੇ ਉਹ ਚਾਹਵਾਨ ਹੋਣ।

ਉਮੀਦਵਾਰਾਂ ਨੂੰ ਲੱਭਣ ਵਿੱਚ ਪੇਸ਼ ਆ ਰਹੀਆਂ ਚੁਣੌਤੀਆਂ ਕਾਰਨ ਸਰਵੇਖਣ ਵਿੱਚ ਪਾਇਆ ਗਿਆ ਕਿ ਇੰਪਲੌਇਰਜ਼ ਤਜਰਬੇ ਵਾਲੇ ਨੁਕਤੇ ਨੂੰ ਵੀ ਪਾਸੇ ਰੱਖਣ ਲਈ ਤਿਆਰ ਹਨ।

# ਬੱਸ ਉੱਤੇ ਮਹਿਲਾ ਨੂੰ ਅੱਗ ਲਾਉਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਟੀਟੀਸੀ ਦੀ ਬੱਸ ਉੱਤੇ ਇੱਕ ਮਹਿਲਾ ਨੂੰ ਅੱਗ ਲਾ ਕੇ ਸਾੜਨ ਦੇ ਮਾਮਲੇ ਨੂੰ ਟੋਰਾਂਟੋ ਪੁਲਿਸ ਹੇਟ ਕ੍ਰਾਈਮ ਵਜੋਂ ਵੇਖ ਕੇ ਜਾਂਚ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਇਹ ਘਟਨਾ ਕਿਪਲਿੰਗ ਸਟੇਸ਼ਨ ਉੱਤੇ ਸ਼ੁੱਕਰਵਾਰ ਨੂੰ ਦੁਪਹਿਰੇ 12:30 ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਬੱਸ ਵਿੱਚ ਸਵਾਰ ਇੱਕ ਵਿਅਕਤੀ ਨੇ ਕਥਿਤ ਤੌਰ ਉੱਤੇ ਇੱਕ ਮਹਿਲਾ ਪੈਸੈਂਜਰ ਉੱਤੇ ਕੋਈ ਲਿਕਿਊਇਡ ਪਾਇਆ ਤੇ ਉਸ ਨੂੰ ਅੱਗ ਲਾ ਦਿੱਤੀ। ਇਹ ਮਹਿਲਾ ਆਪਣੇ 20ਵਿਆਂ ਵਿੱਚ ਦੱਸੀ ਜਾਂਦੀ ਹੈ। ਇਸ ਘਟਨਾ ਤੋਂ ਤੁਰੰਤ ਬਾਅਦ ਟੀਟੀਸੀ ਦੇ ਕਰਮਚਾਰੀਆਂ ਤੇ ਨੇੜੇ ਮੌਜੂਦ ਹੋਰਨਾਂ ਲੋਕਾ ਨੇ ਉਸ ਦੀ ਮਦਦ ਕੀਤੀ। ਪਰ ਉਸ ਨੂੰ ਸੈਕਿੰਡ ਤੇ ਥਰਡ ਡਿਗਰੀ ਬਰਨਜ਼ ਹੋਏ ਹਨ ਤੇ ਉਸ ਨੂੰ ਫੌਰਨ ਹਸਪਤਾਲ ਪਹੁੰਚਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਇਸ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਵਿਅਕਤੀ ਉੱਥੋਂ ਫਰਾਰ ਹੋ ਗਿਆ। ਪਰ ਉਸ ਨੂੰ ਜਲਦ ਹੀ ਹਿਰਾਸਤ ਵਿੱਚ ਲੈ ਲਿਆ ਗਿਆ। ਐਤਵਾਰ ਨੂੰ ਪੁਲਿਸ ਵੱਲੋਂ ਇਸ ਵਿਅਕਤੀ ਦੀ ਪਛਾਣ 33 ਸਾਲਾ ਟੋਰਾਂਟੋ ਵਾਸੀ ਤੈਨਜ਼ਿਨ ਨੌਰਬੂ ਵਜੋਂ ਕੀਤੀ ਗਈ। ਉਸ ਖਿਲਾਫ ਕਤਲ ਕਰਨ ਦੀ ਕੋਸ਼ਿਸ਼ ਤੇ ਹਥਿਆਰ ਨਾਲ ਹਮਲਾ ਕਰਨ ਸਮੇਤ ਚਾਰ ਚਾਰਜਿਜ਼ ਲਾਏ ਗਏ ਹਨ।

# ਕਾਰਜੈਕਿੰਗ ਕਰਨ ਵਾਲੇ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਹਥਿਆਰਬੰਦ ਕਾਰਜੈਕਿੰਗ ਕਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਰਾਤੀਂ 11:00 ਵਜੇ ਜੇਨ ਸਟਰੀਟ ਤੇ ਵਿਲਸਨ ਐਵਨਿਊ ਇਲਾਕੇ ਵਿੱਚ ਵਾਪਰੀ ਇਸ ਕਾਰਜੈਕਿੰਗ ਦੀ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਦੋ ਮਸ਼ਕੂਕਾਂ, ਜਿਨ੍ਹਾਂ ਕੋਲ ਹਥਿਆਰ ਸਨ, ਵੱਲੋਂ ਇੱਕ ਗੱਡੀ ਚੋਰੀ ਕੀਤੀ ਗਈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਨ੍ਹਾਂ ਮਸ਼ਕੂਕਾਂ ਵੱਲੋਂ ਹਥਿਆਰਾਂ ਦੀ ਵਰਤੋਂ ਵੀ ਕੀਤੀ ਗਈ ਜਾਂ ਨਹੀਂ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਮਿਲੀ ਹੈ।

ਗੱਡੀ ਦਾ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲੇ ਨੂੰ ਪੁਲਿਸ ਨਾਲ ਸੰਪਰਕ ਕਰਨ ਲਈ ਆਖਿਆ ਗਿਆ ਹੈ।

# ਇਕਿਉਪਮੈਂਟ ਰੈਂਟਲ ਫੈਸਿਲਿਟੀ ਦੇ ਬਾਹਰ ਲੱਗੀ ਅੱਗ ਉੱਤੇ ਮੁਸ਼ਕਲ ਨਾਲ ਪਾਇਆ ਗਿਆ ਕਾਬੂ



ਇਟੋਬੀਕੋ, 23 ਜੂਨ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਇੱਕ ਇਕਿਉਪਮੈਂਟ ਰੈਂਟਲ ਫੈਸਿਲਿਟੀ ਦੇ ਬਾਹਰ ਅੱਗ ਲੱਗ ਜਾਣ ਤੋਂ ਬਾਅਦ ਇਸ ਇਲਾਕੇ ਦੇ ਕਈ ਸਟੋਰ ਖਾਲੀ ਕਰਵਾ ਲਏ ਗਏ। ਅੱਗ ਦਰਜਨਾਂ ਪ੍ਰੋਪੇਨ ਟੈਂਕਸ ਵਿੱਚ ਲੱਗੀ।

ਸੱਭ ਤੋਂ ਪਹਿਲਾਂ ਇਹ ਥ੍ਰੀ ਅਲਾਰਮ ਅੱਗ ਰੇਸੀਨ ਰੋਡ ਤੇ ਬ੍ਰਾਇਡਨ ਡਰਾਈਵ ਨੇੜੇ ਸਥਿਤ ਫੈਸਿਲਿਟੀ ਦੇ ਬਾਹਰ ਲੱਗੀ, ਜੋ ਕਿ ਕਿਪਲਿੰਗ ਐਵਨਿਊ ਤੇ ਰੈਕਸਡੇਲ ਬੋਲੇਵਾਰਡ ਨੇੜੇ ਸਥਿਤ ਹੈ। ਫਾਇਰ ਚੀਫ ਮੈਥਿਊ ਪੈੱਗ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਨੂੰ ਬਿਲਡਿੰਗ ਦੇ ਬਾਹਰ ਪ੍ਰੋਪੇਨ ਦੇ ਟੈਂਕਾਂ ਤੇ ਕੰਪਰੈਸਡ ਗੈਸ ਸਿਲੰਡਰਾਂ ਨੂੰ ਅੱਗ ਲੱਗੀ ਮਿਲੀ। ਉਨ੍ਹਾਂ ਦੱਸਿਆ ਕਿ ਹੌਲੀ ਹੌਲੀ ਅੱਗ ਨੇੜੇ ਹੀ ਪਾਰਕ ਕੀਤੀਆਂ ਕਈ ਗੱਡੀਆਂ ਤੱਕ ਵੀ ਪਹੁੰਚ ਗਈ ਪਰ ਬਿਲਡਿੰਗ ਤੱਕ ਪਹੁੰਚਣ ਤੋਂ ਪਹਿਲਾਂ ਹੀ ਫਾਇਰ ਕ੍ਰਿਊ ਵੱਲੋਂ ਇਸ ਉੱਤੇ ਕਾਬੂ ਪਾ ਲਿਆ ਗਿਆ।

ਉਨ੍ਹਾਂ ਆਖਿਆ ਕਿ ਅੱਗ ਉੱਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ ਤੇ ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੈੱਗ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਮਿਲੀ ਸੀ ਕਿ ਇਸ ਸਟੋਰ ਦੇ ਬਾਹਰ ਕਈ ਪ੍ਰੋਪੇਨ ਟੈਂਕਸ ਦਾ ਵਜ਼ਨ 100 ਪਾਊਂਡ ਤੱਕ ਵੀ ਹੈ।

# ਮਿਸੀਸਾਗਾ ਵਿੱਚ ਚੱਲੀ ਗੋਲੀ, ਇੱਕ ਹਲਾਕ



ਮਿਸੀਸਾਗਾ, 23 ਜੂਨ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੋਲੀ ਚੱਲਣ ਮਗਰੋਂ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੀਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਬੁੱਧਵਾਰ ਰਾਤੀਂ 10:00 ਵਜੇ ਗਲੈਨ ਐਰਿਨ ਡਰਾਈਵ ਤੇ ਬ੍ਰਿਟੇਨੀਆ ਰੋਡ ਵੈਸਟ ਇਲਾਕੇ ਵਿੱਚ ਸੱਦਿਆ ਗਿਆ। ਉੱਥੇ ਪਹੁੰਚਣ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੈਰਾਮੈਡਿਕਸ ਨੇ ਦੱਸਿਆ ਕਿ ਮੌਕੇ ਉੱਤੇ ਹੀ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਮਸ਼ਕੂਕ ਨੂੰ ਇਲਾਕੇ ਵਿੱਚੋਂ ਫਰਾਰ ਹੁੰਦਿਆਂ ਵੇਖਿਆ ਗਿਆ ਪਰ ਅਜੇ ਤੱਕ ਉਸ ਦਾ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ ਹੈ।

# ਮਹਿੰਗਾਈ ਦੇ ਮੁੱਦੇ ’ਤੇ ਹਾਊਸ ਵਿਚ ਕੰਜ਼ਰਵੇਟਿਵਾਂ ਦੀ ਬਹਿਸ ਕਰਵਾਉਣੀ ਦੀ ਇੱਛਾ ਪੂਰੀ ਨਹੀਂ ਹੋ ਸਕੀ



ਓਟਵਾ, 23 ਜੂਨ (ਪੋਸਟ ਬਿਊਰੋ) : ਗਰਮੀਆਂ ਦੀਆਂ ਛੁੱਟੀਆਂ ਲਈ ਹਾਊਸ ਆਫ ਕਾਮਨਜ਼ ਦੇ ਉੱਠਣ ਤੋਂ ਪਹਿਲਾਂ ਮਹਿੰਗਾਈ ਦੇ ਮੁੱਦੇ ਉੱਤੇ ਐਮਰਜੰਸੀ ਬਹਿਸ ਕਰਵਾਉਣ ਦੀ ਚਾਹਵਾਨ ਕੰਜ਼ਰਵੇਟਿਵ ਪਾਰਟੀ ਦੀ ਇਹ ਇੱਛਾ ਪੂਰੀ ਨਹੀਂ ਹੋ ਸਕੀ।

ਇਸ ਬਹਿਸ ਲਈ ਹਾਊਸ ਸਪੀਕਰ ਸਾਹਮਣੇ ਬੇਨਤੀ ਕਰਨ ਤੋਂ ਬਾਅਦ ਕੰਜ਼ਰਵੇਟਿਵ ਐਮਪੀ ਤੇ ਵਿੱਤ ਅਤੇ ਹਾਊਸਿੰਗ ਇਨਫਲੇਸ਼ਨ ਕ੍ਰਿਟਿਕ ਡੈਨ ਐਲਬਸ ਆਪਣੇ ਪ੍ਰਸਤਾਵ ਬਾਰੇ ਗੱਲ ਕਰਨ ਤੇ ਇਹ ਦੱਸਣ ਲਈ ਚੇਂਬਰ ਵਿੱਚ ਮੌਜੂਦ ਨਹੀਂ ਸਨ ਕਿ ਇਸ ਦੀ ਲੋੜ ਕਿਉਂ ਹੈ। ਇਸ ਮਗਰੋਂ ਕੰਜ਼ਰਵੇਟਿਵ ਹਾਊਸ ਲੀਡਰ ਜੌਹਨ ਬ੍ਰਸਾਰਡ ਨੇ ਇਸ ਬਹਿਸ ਲਈ ਸਾਰਿਆਂ ਦੀ ਰਜ਼ਾਮੰਦੀ ਮੰਗੀ ਪਰ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀਪੀਆਈ) ਸਾਲਾਨਾ ਦਰ ਉੱਤੇ ਵੱਧ ਗਿਆ। ਅਜਿਹਾ ਜਨਵਰੀ 1983 ਤੋਂ ਕਦੇ ਵੇਖਣ ਨੂੰ ਨਹੀਂ ਮਿਲਿਆ।

ਬੁੱਧਵਾਰ ਨੂੰ ਕਾਕਸ ਮੀਟਿੰਗ ਤੋਂ ਪਹਿਲਾਂ ਕੰਜ਼ਰਵੇਟਿਵ ਹਾਊਸ ਲੀਡਰ ਜੌਹਨ ਬ੍ਰਸਾਰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪਾਰਟੀ ਹਾਊਸ ਸਪੀਕਰ ਨੂੰ ਚਿੰਤਾ ਦੇ ਤਿੰਨ ਮੁੱਦਿਆਂ ਉੱਤੇ ਬਹਿਸ ਕਰਵਾਉਣ ਲਈ ਆਖ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਰਹਿਣ ਸਹਿਣ ਲਈ ਵਧਿਆ ਖਰਚਾ ਹੈ। ਉਨ੍ਹਾਂ ਆਖਿਆ ਕਿ ਲਿਬਰਲ ਸਰਕਾਰ ਇਸ ਤਰ੍ਹਾਂ ਦੇ ਅਹਿਮ ਮੁੱਦਿਆਂ ਨੂੰ ਛੱਡ ਕੇ ਹਾਈਬ੍ਰਿਡ ਸੈਸ਼ਨ ਕਰਵਾਉਣ ਜਾਂ ਨਾ ਕਰਵਾਉਣ ਦੀ ਗੱਲ ਕਰਕੇ ਸਾਰਿਆਂ ਦਾ ਧਿਆਨ ਭਟਕਾ ਰਹੀ ਹੈ ਜਦਕਿ ਕੰਜ਼ਰਵੇਟਿਵ ਇਸ ਤਰ੍ਹਾਂ ਦੇ ਅਹਿਮ ਮੁੱਦਿਆਂ ਉੱਤੇ ਪਾਰਲੀਆਮੈਂਟ ਵਿੱਚ ਬਹਿਸ ਕਰਵਾਉਣ ਦੀ ਮੰਗ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਦੇਰ ਹੋਣ ਤੋਂ ਪਹਿਲਾਂ ਅਜਿਹੇ ਮੁੱਦਿਆਂ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਇਸ ਤੋਂ ਇਲਾਵਾ ਉਹ ਪਾਸਪੋਰਟ ਵਿੱਚ ਹੋਣ ਵਾਲੀ ਦੇਰ ਤੇ ਨੋਵਾ ਸਕੋਸ਼ੀਆ ਮਾਸ ਸ਼ੂਟਿੰਗ ਦੇ ਮਾਮਲੇ ਵਿੱਚ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਸਿਆਸੀ ਦਖਲਅੰਦਾਜ਼ੀ ਦੇ ਮਾਮਲਿਆਂ ਉੱਤੇ ਵੀ ਬਹਿਸ ਕਰਵਾਉਣੀ ਚਾਹੁੰਦੇ ਹਨ। ਬੁੱਧਵਾਰ ਨੂੰ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਆਖਿਆ ਗਿਆ ਕਿ ਮਈ ਵਿੱਚ ਸੀਪੀਆਈ ਇੱਕ ਸਾਲ ਪਹਿਲਾਂ ਨਾਲੋਂ 7.7 ਫੀ ਸਦੀ ਵੱਧ ਗਿਆ। ਅਜਿਹਾ ਗੈਸ ਦੀਆਂ ਉੱਚੀਆਂ ਕੀਮਤਾਂ ਕਾਰਨ ਹੋਇਆ।

ਏਜੰਸੀ ਨੇ ਆਖਿਆ ਕਿ ਸੇਵਾਵਾਂ ਲਈ ਉੱਚੀਆਂ ਕੀਮਤਾਂ ਜਿਵੇਂ ਕਿ ਹੋਟਲ ਤੇ ਰੈਸਟੋਰੈਂਟਸ ਨੇ ਵੀ ਇਸ ਵਾਧੇ ਵਿੱਚ ਯੋਗਦਾਨ ਪਾਇਆ। ਮਈ ਵਿੱਚ ਖਾਣੇ ਦੀਆਂ ਕੀਮਤਾਂ ਤੇ ਸ਼ੈਲਟਰ ਦੀਆਂ ਕੀਮਤਾਂ ਵਿੱਚ ਵੀ ਵਾਧਾ ਬਣਿਆ ਰਿਹਾ। ਇਸ ਦੌਰਾਨ ਕੰਜ਼ਰਵੇਟਿਵ ਐਮਪੀ ਤੇ ਫਾਇਨਾਂਸ ਅਤੇ ਹਾਊਸਿੰਗ ਇਨਫਲੇਸ਼ਨ ਕ੍ਰਿਟਿਕ ਡੈਨ ਐਲਬਸ ਨੇ ਆਖਿਆ ਕਿ ਪਿਛਲੀ ਵਾਰੀ ਸੀਪੀਆਈ ਇਸ ਰਫਤਾਰ ਨਾਲ ਉਸ ਸਮੇਂ ਵਧਿਆ ਸੀ ਜਦੋਂ ਪਿਏਰ ਐਲੀਅਟ ਟਰੂਡੋ ਪ੍ਰਧਾਨ ਮੰਤਰੀ ਸਨ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9

## ਅੱਜ ਨਾਮਾ

ਘਪਲੇ ਨਿਕਲਦੇ ਆਉਣ ਪੰਜਾਬ ਦੇ ਵਿੱਚ,
ਜਾ ਰਹੀ ਵਿਹਲੀ ਦਿਹਾੜੀ ਨਾ ਇੱਕ ਬੇਲੀ।
ਕਰ ਗਿਆ ਕਿਧਰੇ ਗੋਦਾਮ ਹੈ ਕੋਈ ਖਾਲੀ,
ਮਾਰ ਗਿਆ ਕੋਈ ਜ਼ਮੀਨਾਂ ਨੂੰ ਕਿੱਕ ਬੇਲੀ।
ਵਿੰਹਦੇ ਲੋਕ ਰਹਿੰਦੇ, ਫਿਰ ਵੀ ਬੋਲਦੇ ਨਾ,
ਨਹੀਂ ਕੋਈ ਖੰਘਦਾ, ਵੱਜੇ ਨਾ ਛਿੱਕ ਬੇਲੀ।
ਕਹਿੰਦੇ ਦੁਸ਼ਮਣੀ ਐਵੇਂ ਦੀ ਪਾਵਣੀ ਕਿਉਂ,
ਵਿਰਲਾ ਡਾਹੁੰਦਾ ਈਕੋਈ ਹੀ ਹਿੱਕ ਬੇਲੀ।
ਉਲਟਾ ਕਿਸੇ ਥਾਂ ਚੋਰ ਕੋਈ ਆਉਣ ਕਾਬੂ,
ਤੁਰ ਪਏ ਉਨ੍ਹਾਂ ਦੇ ਮਗਰ ਪੰਚਾਇਤ ਬੇਲੀ।
ਕਹਿੰਦੇ ਸੱਜਣ ਹੀ ਬਹੁਤ ਸਤਿਕਾਰ ਵਾਲਾ,
ਅਸੀਂ ਤਾਂ ਸੁਣੀ ਨਾ ਕਦੇ ਸ਼ਿਕਾਇਤ ਬੇਲੀ।

**ਤੀਸ ਮਾਰ ਖਾਂ**

### ਸੰਗਰੂਰ ਲੋਕ ਸਭਾ ਉੱਪ ਚੋਣ :

# ਚੋਣ ਕਮਿਸ਼ਨ ਨੇ ਪੰਜਾਬ ਦੇ ਚੀਫ ਸੈਕਟਰੀ ਤੇ ਸੰਗਰੂਰ ਦੇ ਡੀ ਸੀ ਤੋਂ ਸਪੱਸ਼ਟੀਕਰਨ ਮੰਗਿਆ

* ਵੋਟਰਾਂ ਨੇ ਉਤਸ਼ਾਹ ਨਹੀਂ ਦਿਖਾਇਆ, 36.4 ਫ਼ੀਸਦੀ ਪੋਲਿੰਗ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਅੱਜ ਵੀਰਵਾਰ ਨੂੰ ਪੰਜਾਬ ਦੇ ਚੀਫਸੈਕਟਰੀ ਤੇ ਜ਼ਿਲਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਜਦੋਂ ਪੋਲਿੰਗ ਦਾ ਸਮਾਂ ਖ਼ਤਮਹੋਣ ਵਾਲਾ ਸੀ ਤਾਂ ਉਨ੍ਹਾਂ ਨੇ ਸਮਾਂ ਵਧਾਉਣ ਦੀ ਮੰਗ ਕਿਉਂ ਕੀਤੀ।ਚੋਣ ਕਮਿਸ਼ਨ ਨੇ ਇਸ ਨੂੰ ਚੋਣ ਪ੍ਰਕਿਰਿਆ ਵਿੱਚ ਬੇਲੋੜਾ ਦਖਲਅਤੇ ਵੋਟਰਾਂ ਦੇ ਕੁਝ ਵਰਗਾਂ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਦੱਸਿਆ ਹੈ।

ਇਸ ਸੰਬੰਧ ਵਿੱਚ ਚੋਣ ਕਮਿ-ਸ਼ਨ ਨੇ ਕਿਹਾ ਕਿ ਰਿਟਰਨਿੰਗ ਅਫ਼ਸਰ ਦਾ ਪੱਤਰ ਤੇ ਉਸ ਤੋਂ ਬਾਅਦ ਸ਼ਾਮ 4:05 ਵਜੇ ਚੀਫਸੈਕਟਰੀ ਦੀ ਬੇਨਤੀ ਚੋਣ ਪ੍ਰਕਿਰਿਆ ਵਿੱਚ ਦਖਲਅਤੇ ਵੋਟਰਾਂ ਦੇ ਕੁਝ ਵਰਗਾਂ ਨੂੰ ਇਹ ਕਹਿ ਕੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਹੈ ਕਿ ਉਹ ਪੋਲਿੰਗ ਵਿੱਚ ਤੇਜ਼ੀ ਲਿਆਉਣ ਜਾਂ ਸਮਾਂ ਹੱਦ ਵਧਾਉਣ ਨੂੰ ਉਡੀਕਣ।ਚੋਣ ਕਮਿਸ਼ਨ ਨੇ ਕਿਹਾ ਕਿ ਉਹ ਚੋਣ ਪ੍ਰਕਿਰਿਆ ਦੌਰਾਨ ਅਫਸਰਾਂ ਦੇ ਇਸ ਵਤੀਰੇ ਦੀ ਨਿੰਦਾ ਕਰਦਾ ਹੈ। ਪੰਜਾਬ ਦੇ ਮੁੱਖ ਚੋਣ




ਅਧਿਕਾਰੀ ਨੂੰ ਲਿਖੇ ਤਿੱਖੇ ਸ਼ਬਦਾਂ ਵਾਲੇ ਪੱਤਰ ਵਿੱਚ ਚੋਣ ਕਮਿਸ਼ਨ ਨੇ ਉਪ-ਚੋਣ ਦੇ ਦਿਨ ਚੋਣ ਦੀ ਸਮਾਂ ਹੱਦ ਵਧਾਉਣ ਦੀ ਬੇਨਤੀ ਉੱਤੇ ਨਾਰਾਜ਼ਗੀ ਜ਼ਾਹਿਰ ਕੀਤੀ ਹੈ, ਜਿਸ ਬਾਰੇ ਉਹ ਨੋਟੀਫਿਕੇਸ਼ਨ ਜਾਰੀ ਹੋਣ ਸਮੇਂ ਵੀ ਜਾਣੂ ਸੀ। ਅਫਸਰਾਂ ਨੇ ਕਿਹਾ ਕਿ ਸਮਾਂ ਵਧਾਉਣ ਲਈ ਦਲੀਲ ਇਹ ਸੀ ਕਿ ਲੋਕ ਅਜੇ ਝੋਨੇ ਦੇ ਖੇਤਾਂ ਵਿੱਚ ਕੰਮ ਕਰ ਰਹੇ ਹਨ, ਪਰ ਨੋਟੀਫਿਕੇਸ਼ਨ ਜਾਰੀ ਕਰਨ ਸਮੇਂ ਵੀ ਉਨ੍ਹਾਂ ਨੂੰ ਇਸ-ਦਾਪਤਾ ਸੀ।ਭਾਰਤ ਦੇ ਕਮਿਸ਼ਨ ਦੇ ਸੈਕਟਰੀਨੇ ਪੱਤਰ ਵਿੱਚਲਿਖਿਆ ਹੈ: ਮੈਨੂੰ ਇਹ ਦੱਸਣ ਦਾ ਨਿਰਦੇਸ਼ ਮਿ-ਲਆ ਹੈ ਕਿ ਚੀਫਸੈਕਟਰੀ ਤੇ ਰਿਟਰਨਿੰਗ ਅਫਸਰ ਤੋਂ ਪੋਲਿੰਗ ਦੇ ਦਿਨ ਬਾਅਦ ਦੁਪਹਿਰ ਪੈਦਾ ਹੋਏ ਕਾਰਨਾਂ ਅਤੇ ਹਾਲਾਤ ਅਤੇ ਨਵੇਂ ਤੱਥਾਂ ਬਾਰੇ ਵਿਸਥਾਰ ਵਾਲਾ ਸਪੱਸ਼ਟੀਕਰਨ ਲਿਆ ਜਾਵੇ।

ਇਸ ਦੌਰਾਨ ਲੋਕ ਸਭਾ ਹਲਕਾ ਸੰਗਰੂਰ ਦੀ ਉੱਪ ਚੋਣ ਦਾ ਕੰਮ ਅਮਨ-ਅਮਾਨ ਮੁਕੰਮਲ ਹੋ ਗਿਆ, ਪਰ ਚੋਣ ਲਈ ਲੋਕਾਂ ਦਾ ਉਤਸ਼ਾਹ ਨਹੀਂ ਦਿੱਸਿਆ। ਸ਼ਾਮ 5 ਵਜੇ ਤੱਕ ਕੁੱਲ 36.4 ਫੀਸਦੀ ਲੋਕਾਂ ਨੇ ਵੋਟ ਪਾਈ। ਜ਼ਿਲ੍ਹਾ ਪ੍ਰਸ਼ਾਸਨ ਦੇ ਅਨੁਸਾਰ ਇਸ ਲੋਕ ਸਭਾ ਹਲਕੇ ਤੋਂ 9 ਅਸੈਂਬਲੀ ਹਲਕਿਆਂ ਵਿੱਚੋਂ ਅਸੈਂਬਲੀਹਲਕਾ ਸੰਗਰੂਰ ਵਿੱਚ 36 ਫ਼ੀਸਦੀ, ਮਾਲੇਰਕੋਟਲਾ47.30, ਬਰਨਾਲਾ36.23, ਭਦੌੜ38.03, ਮਹਿਲ ਕਲਾਂ37, ਦਿੜ੍ਹਬਾ40.58, ਧੂਰੀ33, ਸੁਨਾਮ34 ਅਤੇ ਲਹਿਰਾਗਾਗਾਦੇ 32 ਫ਼ੀਸਦੀ ਲੋਕਾਂ ਨੇ ਵੋਟ ਪਾਈ ਹੈ। ਵਰਨਣ ਯੋਗ ਕਿ ਸੰਗਰੂਰਪਾਰਲੀਮੈਂਟਰੀ ਹਲਕੇ ਵਿੱਚ ਕੁੱਲ 16 ਉਮੀਦਵਾਰ ਖੜੇ ਹਨ। ਇਸ ਚੋਣ ਵਿੱਚਆਮ ਆਦਮੀ ਪਾਰਟੀ ਨੇ 3 ਮਹੀਨਿਆਂ ਵਿੱਚ ਕੀਤੇ ਕੰਮਾਂ ਦੇ ਆਧਾਰ ਉੱਤੇ ਜਨਤਾ ਨੂੰ ਵੋਟ ਮੰਗੇਤੇ ਵਿਰੋਧੀਆਂ ਨੇ ਪੰਜਾਬਦੀ ਵਿਗੜੇ ਅਮਨ-ਕਾਨੂੰਨ ਬਾਰੇਸਰਕਾਰ ਉੱਤੇ ਨਿਸ਼ਾਨਾ ਸਾਧਿਆ ਸੀ। ਪੰਜਾਬੀ ਗਾਇਕ ਮੂਸੇਵਾਲਾ ਦੇ ਕਤਲ ਦਾ ਮੁੱਦਾ ਵੀ ਚਰਚਿਤ ਰਿਹਾ।ਚੋਣ ਵਿੱਚ ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ, ਭਾਜਪਾ ਦੇ ਕੇਵਲ ਸਿੰਘ ਢਿੱਲੋਂ, ਅਕਾਲੀ ਦਲ (ਅੰਮ੍ਰਿਤਸਰ) ਦੇ ਸਿਮਰਨਜੀਤ ਸਿੰਘ ਮਾਨ, ਕਾਂਗਰਸ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਤੇ ਬਾਦਲ ਅਕਾਲੀ ਦਲ ਵੱਲੋਂ ਕਮਲਦੀਪ ਕੌਰ ਉਮੀਦਵਾਰ ਹਨ।

## ਸ਼ਿਵ ਸੈਨਾ ਦੇ ਬਾਗੀ ਵਿਧਾਇਕ ਵਾਪਸ ਆਉਣ ਤਾਂ ਗਠਜੋੜ ਤੋੜਨ ਨੂੰ ਤਿਆਰ ਹਾਂ: ਸੰਜੇ ਰਾਉਤ

* ਕਾਂਗਰਸ ਨੇ ਕਿਹਾ: ਸਾਨੂੰ ਕੋਈ ਸਮੱਸਿਆ ਨਹੀਂ

ਮੁੰਬਈ, 23 ਜੂਨ, (ਪੋਸਟ ਬਿਊਰੋ)- ਸ਼ਿਵ ਸੈਨਾ ਦੇ ਵਿਧਾਇਕਾਂ ਦੀ ਬਗਾਵਤ ਕਾਰਨ ਮਹਾਰਾਸ਼ਟਰ ਵਿੱਚ ਮਹਾਵਿਕਾਸ ਅਘਾੜੀ ਗਠਜੋੜ ਸਰਕਾਰ ਦਾ ਅੰਤ ਤੈਅ ਜਾਪਦਾ ਹੈ। ਇਸ ਮੌਕੇਸ਼ਿਵ ਸੈਨਾ ਨੇਤਾ ਸੰਜੇ ਰਾਉਤ ਨੇ ਕਿਹਾ ਕਿ ਜੇ ਬਾਗੀ ਵਿਧਾਇਕ 24 ਘੰਟਿਆਂ ਵਿੱਚ ਮੁੜ ਆਉਣ ਤਾਂ ਸ਼ਿਵ ਸੈਨਾ ਆਪਣਾ ਗੱਠਜੋੜ ਛੱਡਣ ਲਈ ਤਿਆਰ ਹੈ।

ਪਾਰਟੀ ਦੇ ਮੁੱਖ ਬੁਲਾਰੇ ਸੰਜੇ ਰਾਉਤ ਨੇ ਕਿਹਾ ਕਿ‘ਸ਼ਿਵ ਸੈਨਾ ਦੇ ਵਿਧਾਇਕਾਂ ਨੂੰ ਗੁਹਾਟੀ ਤੋਂ ਗੱਲ ਨਹੀਂ ਕਰਨੀ ਚਾਹੀਦੀ, ਮੁੰਬਈ ਮੁੜਨਾ ਤੇ ਮੁੱਖ ਮੰਤਰੀ ਨਾਲ ਇਸ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਜੇ ਸਾਰੇ ਵਿਧਾਇਕ ਚਾਹੁਣ ਤਾਂ ਅਸੀਂ ਮਹਾਵਿਕਾਸ ਅਗਾੜੀ ਛੱਡਣਬਾਰੇ ਸੋਚਣਨੂੰ ਤਿਆਰ ਹਾਂ, ਪਰ ਉਹਏਥੇ ਆ ਕੇ ਮੁੱਖ ਮੰਤਰੀ ਨਾਲ ਗੱਲ ਕਰਨ।’ ਸੰਜੇ ਰਾਉਤ ਦੇ ਇਸ ਬਿਆਨ ਨਾਲ ਰਾਜਨੀਤੀ ਵਿੱਚ ਭੂਚਾਲ ਆ ਗਿਆ ਹੈ। ਇਸ ਤੋਂ ਪਹਿਲਾਂ ਸੰਜੇ ਰਾਉਤ ਨੇ 21 ਬਾਗੀ ਵਿਧਾਇਕਾਂ ਨਾਲ ਸੰਪਰਕ ਦਾ ਦਾਅਵਾ ਕਰ ਕੇ ਕਿਹਾ ਸੀ ਕਿ ਮੁੱਖ ਮੰਤਰੀ ਊਧਵ ਠਾਕਰੇ ਛੇਤੀ ਹੀ ਵਰਸ਼ਾ ਬੰਗਲੇ ਵਿੱਚ ਮੁੜਨਗੇ। ਉਨ੍ਹਾਂ ਕਿਹਾ ਕਿ ਗੁਹਾਟੀ ਤੋਂ 21 ਵਿਧਾਇਕਾਂ ਦਾ ਸਾਡੇ ਨਾਲ ਸੰਪਰਕ ਹੈ ਅਤੇ ਉਹ ਸਾਡੇ ਨਾਲ ਆਉਣਗੇ।

ਦੂਸਰੇ ਪਾਸੇ ਸ਼ਿਵ ਸੈਨਾ ਆਗੂ ਸੰਜੇ ਰਾਉਤ ਦੇ ਬਿਆਨ ਪਿੱਛੋਂ ਮਹਾਰਾ-ਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਕਿਹਾ, ‘ਅਸੀਂ ਭਾਜਪਾ ਨੂੰ ਸੱਤਾ ਵਿੱਚ ਆਉਣ ਤੋਂ ਰੋਕਣ ਲਈ ਸ਼ਿਵ ਸੈਨਾ ਦੇ ਨਾਲ ਹਾਂ। ਸਾਰੀ ਖੇਡ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਕਾਰਨ ਹੋਈ ਹੈ। ਕਾਂਗਰਸ ਫਲੋਰ ਟੈਸਟ ਲਈਤਿਆਰ ਹੈ। ਅਸੀਂ ਮਹਾਵਿਕਾਸ ਅਗਾੜੀ ਦੇ ਨਾਲ ਹਾਂ ਤੇ ਰਹਾਂਗੇ, ਸਾਨੂੰ ਸੱਤਾ ਦਾ ਲਾਲਚ ਨਹੀਂ।’ ਪਟੋਲੇ ਨੇ ਕਿਹਾ ਕਿ ਜੇ ਸ਼ਿਵ ਸੈਨਾ ਕਿਸੇ ਹੋਰ ਦਾ ਗਠਜੋੜ ਕਰਨਾ ਚਾਹੁੰਦੀ ਹੈ ਤਾਂ ਸਾਨੂੰ ਸਮੱਸਿਆ ਨਹੀਂ। ਇਸ ਤੋਂ ਇਲਾਵਾ ਮਹਾ ਵਿਕਾਸ ਅਗਾੜੀਦੀ ਸਹਿਯੋਗੀ ਐੱਨਸੀਪੀ ਪਾਰਟੀ ਦੇ ਨੇਤਾ ਜਯੰਤ ਪਾਟਿਲ ਨੇ ਟਵੀਟ ਕੀਤਾ ਹੈ ਕਿ ਮਹਾਰਾਸ਼ਟਰ ਵਿਕਾਸ ਅਗਾੜੀ ਮਹਾਰਾਸ਼ਟਰ ਦੇ ਵਿਕਾਸ ਤੇ ਭਲਾਈ ਲਈ ਬਣਾਈ ਸਰਕਾਰ ਹੈ।

## ਨਰਿੰਦਰ ਮੋਦੀ ਸਰਕਾਰ ਕਾਮਿਆਂ ਲਈ ਕੰਮ ਦੇ ਘੰਟੇ ਬਦਲਣ ਲੱਗੀ

* 1 ਜੁਲਾਈ ਤੋਂ ਦਫਤਰਾਂ ਵਿੱਚ 12 ਘੰਟੇ ਕੰਮ ਕਰਨਾ ਪੈ ਸਕਦੈ * ਤਨਖਾਹ ਘਟੇਗੀ, ਪ੍ਰਾਵੀਡੈਂਟ ਫੰਡ ਵਧੇਗਾ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ 1 ਜੁਲਾਈ ਤੋਂ ਦਫਤਰਾਂ ਵਿੱਚ ਮੁਲਾਜ਼ਮਾਂ ਦੇ ਕੰਮਦੇ ਘੰਟੇ ਬਦਲ ਸਕਦੀ ਹੈ, ਜਿਸ ਨਾਲ 8 ਤੋਂ 9 ਘੰਟੇ ਦੀ ਥਾਂ 12 ਘੰਟੇ ਕੰਮ ਕਰਨਾ ਪੈ ਸਕਦਾ ਹੈ।



ਮਿਲੀ ਜਾਣਕਾਰੀ ਅਨੁਸਾਰ ਨਰਿੰਦਰ ਮੋਦੀ ਸਰਕਾਰ ਦੀ ਯੋਜਨਾ 1 ਜੁਲਾਈ ਤੱਕ ਲੇਬਰ ਕੋਡ ਦੇ ਨਿਯਮ ਲਾਗੂ ਕਰਨ ਦੀ ਹੈ, ਜਿਸ ਬਾਰੇ ਅਜੇ ਕੋਈ ਅਧਿਕਾਰਤ ਸੂਚਨਾ ਨਹੀਂ ਆਈ, ਪਰ 1 ਜੁਲਾਈ ਤੋਂ ਕੰਪਨੀਆਂ ਕੋਲ ਵਰਕਰਾਂ ਦੇ ਕੰਮ ਦੇ ਘੰਟੇ ਵਧਾ ਕੇ 12 ਘੰਟੇ ਕਰਨ ਦਾ ਅਧਿਕਾਰ ਹੋਵੇਗਾ ਤੇ ਇਸ ਦੇ ਬਦਲੇ ਇੱਕ ਦਿਨ ਹੋਰ ਛੁੱਟੀ ਮਿਲੇਗੀ, ਜਿਸ ਨਾਲ ਮੁਲਾਜ਼ਮਾਂ ਨੂੰ ਹਫਤੇ ਦੇ 3 ਦਿਨ ਛੁੱਟੀ ਮਿਲੇਗੀ।ਨਵੇਂ ਨਿਯਮ ਦੇ ਲਾਗੂ ਹੋਣ ਪਿੱਛੋਂ ਕੰਪਨੀਆਂ ਦੇ ਕਰਮਚਾਰੀਆਂ ਨੂੰ ਚਾਰ ਦਿਨ ਰੋਜ਼ 10 ਤੋਂ 12 ਘੰਟੇ ਕੰਮ ਕਰਨਾ ਪਵੇਗਾ, ਪਰ ਨਵੇਂ ਕਾਨੂੰਨਾਂ ਨਾਲਫੈਕਟਰੀਜ਼ ਐਕਟ ਹੇਠ ਓਵਰਟਾਈਮ ਦੇ ਵੱਧ ਤੋਂ ਵੱਧ ਘੰਟੇ 50 ਤੋਂ ਵਧਾ ਕੇ 125 ਘੰਟੇ ਕੀਤੇ ਜਾਣਗੇ।ਇਸ ਨਾਲ ਤਨਖ਼ਾਹ ਘਟੇਗੀ ਤੇ ਪ੍ਰਾਵੀਡੈਂਟ ਫੰਡ(ਪੀ ਐੱਫ) ਵਧੇਗਾ। ਨਵੇਂ ਨਿਯਮ ਅਨੁਸਾਰ ਮੂਲ ਤਨਖ਼ਾਹ ਕੁੱਲ ਤਨਖ਼ਾਹ ਦਾ 50 ਫੀਸਦੀ ਜਾਂ ਵੱਧ ਚਾਹੀਦੀ ਹੈ। ਇਸ ਨਾਲ ਬਹੁਤੇ ਕਾਮਿਆਂ ਦੀ ਤਨਖਾਹ ਦਾ ਢਾਂਚਾ ਬਦਲ ਜਾਵੇਗਾ, ਬੇਸਿਕ ਤਨਖ਼ਾਹ ਵਿੱਚ ਵਾਧੇ ਕਾਰਨ ਪੀ ਐੱਫ ਅਤੇ ਗਰੈਚੁਟੀ ਦੇ ਪੈਸੇ ਪਹਿਲਾਂ ਤੋਂ ਵੱਧ ਕੱਟੇ ਜਾਣਗੇ।ਇਸ ਫਾਰਮੂਲੇ ਨਾਲ ਪੀਐੱਫ ਵਧਣ ਨਾਲ ਤਨਖ਼ਾਹਘਟੇਗੀ, ਪਰ ਗ੍ਰੈਚੁਟੀ ਅਤੇ ਪੀਐੱਫ ਵਧਣ ਨਾਲ ਰਿਟਾਇਰਮੈਂਟ ਉੱਤੇ ਮਿਲਣ ਵਾਲਾ ਪੈਸਾ ਵਧੇਗਾ ਅਤੇ ਬੁਢਾਪਾ ਕੱਟਣਾ ਸੌਖਾ ਹੋਵੇਗਾ।

## ਸਿੱਧੂ ਮੂਸੇਵਾਲਾ ਦਾ ਨਵਾਂ ਗੀਤ ਰਿਲੀਜ਼, ਪੰਜਾਬ ਦੀ ਖ਼ੁਦਮੁਖ਼ਤਾਰੀ ਦੀ ਗੱਲ ਕਹੀ

* ਪੁਲਿਸ ਵੱਲੋਂ ਖੁਲਾਸਾ, ਮੂਸੇਵਾਲਾ ਦੇ ਕਾਤਲ ਦੇਸ਼ ਛੱਡ ਕੇ ਫਰਾਰ

ਚੰਡੀਗੜ੍ਹ, 23 ਜੂਨ, (ਪੋਸਟ ਬਿਊਰੋ)- ਗਾਇਕ ਤੋਂ ਨੇਤਾ ਬਣੇ ਅਤੇ ਫਿਰ ਕਤਲ ਕਰ ਦਿੱਤੇ ਗਏ ਸੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਅੱਜ ਵੀਰਵਾਰ ਨੂੰ ਉਸਦਾ ਗਾਇਆ ਪਹਿਲਾ ਗੀਤ ਰਿਲੀਜ਼ ਕੀਤਾ ਗਿਆ। ਇਹ ਗੀਤ ਰਿਲੀਜ਼ ਹੋਣ ਤੋਂ ਪਹਿਲਾਂ ਲੀਕ ਹੋਣ ਕਾਰਨ ਸੋਸ਼ਲ ਮੀਡੀਆ ਉੱਤੇ ਚਰਚਾ ਦਾ ਵਿਸ਼ਾ ਬਣ ਗਿਆ ਸੀ ਤੇ ਗੀਤ ਸੁਣਨ ਤੋਂ ਬਾਅਦ ਇਸ ਦੇ ਚਰਚਿਤ ਹੋਣ ਦੀ ਵਜ੍ਹਾ ਸਾਹ-ਮਣੇ ਆ ਗਈ ਹੈ।




ਮਾਹਰਾਂ ਦੇ ਮੁਤਾਬਕਵਿੱਚ ਇਹ ਪਹਿਲਾ ਇਸ ਤਰ੍ਹਾਂ ਦਾ ਗੀਤ ਹੈ, ਜਿਸ ਵਿੱਚਸਿੱਧੂ ਮੂਸੇਵਾਲਾ ਨੇ ਪੰਜਾਬ ਲਈ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ ਤੇ ਇਸ ਗੀਤ ਵਿੱਚ ਪੰਜਾਬ ਲਈ ਚੰਡੀਗੜ੍ਹ ਦੀ ਹੀ ਨਹੀਂ, ਪੰਜਾਬ ਤੋਂ ਵੱਖ ਕੀਤੇ ਗਏ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨੂੰ ਵੀ ਮੁੜ ਕੇ ਪੰਜਾਬ ਵਾਸਤੇ ਮੰਗਿਆ ਹੈ। ਇਹ ਗੀਤ ਸਤਲੁਜ ਯਮੁਨਾ ਲਿੰਕ ਨਹਿਰ ਦੇ ਬਹੁ-ਚਰਚਿਤ ਵਿਵਾਦ ਮੁੱਦੇ ਉੱਤੇ ਅਧਾਰਤ ਹੈ, ਜਿਸ ਦੇ ਸਪੱਸ਼ਟ ਬੋਲ ਹਨ ਕਿ ਜਿੰਨਾ ਚਿਰ ਪੰਜਾਬ ਨੂੰ ਪ੍ਰਭੂਸੱਤਾ ਨਾ ਮਿਲੀ, ਸਤਲੁਜ ਯਮੁਨਾ ਲਿੰਕ ਨਹਿਰ ਦਾ ਪਾਣੀ ਛੱਡੋ, ਪਾਣੀ ਦਾ ਇੱਕ ਤੁਪਕਾ ਨਹੀਂ ਦਿੰਦੇ।ਇਸ ਗੀਤ ਵਿੱਚ ਦਰਿਆਈ ਪਾਣੀਆਂ ਉੱਤੇ ਪੰਜਾਬ ਦੇ ਹੱਕ ਦਾ ਜ਼ਿਕਰ ਕੀਤਾ ਗਿਆ ਹੈ।

ਸਿੱਧੂ ਮੂਸੇਵਾਲਾ ਨੇ ਗੀਤ ਵਿੱਚ ਪੰਜਾਬ ਲਈ ਖ਼ੁਦਮੁਖ਼ਤਾਰੀ ਦੀ ਮੰਗ ਦੇ ਨਾਲਜੇਲ੍ਹਾਂ ਵਿਚਲੇ ਸਿੰਘਾਂ ਦੀ ਰਿਹਾਈ ਦੀ ਮੰਗ ਵੀ ਕੀਤੀ ਤੇ ਇਸਵਿੱਚ‘ਚਿੱਟੀ ਟੋਪੀ’ ਵਾਲੇ ਉੱਤੇ ਟਿੱਪਣੀ ਕੀਤੀ ਹੈ।‘ਚਿੱਟੀ ਟੋਪੀ’ ਵਾਲੇ ਵੱਡੀ ਸੋਚ ਤੇ ਛੋਟੀ ਨੀਤ ਵਾਲਿਆਂ ਨੂੰ ਪੰਜਾਬੀਆਂ ਨਾਲ ਨਾ ਖਹਿਣ ਦੀ ਸਲਾਹ ਦਿੱਤੀ ਗਈ ਹੈ। ਗੀਤ ਵਿੱਚ ਮਰਹੂਮ ਐਕਟਰ ਦੀਪ ਸਿੱਧੂ ਦਾ ਡਾਇਲਾਗ ਵਰਤਿਆ ਗਿਆ ਹੈ। ਇੱਕ ਹੋਰ ਗੀਤਕਾਰਬਾਰੇ ਗੀਤ ਵਿੱਚ ਕਿਹਾ ਹੈ ਕਿ ‘ਨਿਸ਼ਾਨ ਸਾਹਿਬ ਦੇ ਚੜ੍ਹਾਉਣ ਤੇ ਅੜ੍ਹਬ ਪੰਜਾਬ ਰੋਂਦਾ ਕਿਉਂ ਸੀ, ਇੱਧਰ ਨਾਲੇ ਉੱਧਰ ਦੁਨੀਆ ਬੜੀ ਹਿਸਾਬੀ, ਦੋਗਲਾ ਕਿਰਦਾਰ, ਜੇ ਨਿਸ਼ਾਨ ਸਾਹਿਬ ਚੜ੍ਹਾਇਆ ਤਾਂ ਰੋਂਦਾ ਕਿਉਂ, ਜਿੰਨਾ ਚਿਰ ਅਸੀਂ ਦੋਗਲਿਆਂ ਦਾ ਵਾਹ ਨਹੀਂ ਦਿੰਦੇ, ਪਾਣੀ ਤਾਂ ਪੁਲਾ ਤੋਂ ਲੰਘਦਾ, ਪਰ ਸਾਨੂੰ ਭਾਵੇਂ ਲੱਖ ਰਲਾ ਲਵੋ, ਥੱਲੇ ਨਹੀਂ ਲੱਗਣਾ, ਦਬਕੇ ਨਾਲ ਮੰਗਦੇ ਹੋ, ਅਸੀਂ ਨਹੀਂ ਦਿੰਦੇ।’ਐਸਵਾਈਐਲ ਗੀਤ ਗਾਇਕ ਸਿੱਧੂਮੂਸੇਵਾਲਾਨੇ ਖ਼ੁਦ ਲਿਖਿਆ ਤੇ ਆਪਣੀ ਆਵਾਜ਼ ਵਿੱਚ ਗਾਇਆ ਤੇ ਪ੍ਰੋਡਿਊਸ ਕੀਤਾ ਹੈ। ਇਸ ਦਾ ਆਰਟ ਵਰਕ ਅਤੇ ਵੀਡੀਓ ਦਾ ਕੰਮ ਨਵਕਰਨ ਬਰਾੜ ਨੇ ਕੀਤਾ ਹੈ।

ਵਰਨਣ ਯੋਗ ਹੈ ਕਿ ਸਿੱਧੂ ਮੂਸੇਵਾਲਾਨੂੰ 29 ਮਈ ਨੂੰ ਪੰਜਾਬ ਦੇ ਮਾਨਸਾ ਦੇ ਪਿੰਡ ਜਵਾਹਰਕੇ ਵਿਖੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।ਇਸ ਤੋਂ ਇੱਕ ਦਿਨ ਪਹਿਲਾ ਸੂਬਾ ਸਰਕਾਰ ਨੇ ਉਸ ਦੀ ਸੁਰੱਖਿਆਵਿੱਚ ਕਟੌਤੀ ਕੀਤੀ ਸੀ।ਇਸ ਹਮਲੇ ਵਿੱਚ ਉਸ ਦਾ ਚਚੇਰਾ ਭਰਾ ਤੇ ਉਸ ਨਾਲ ਜੀਪ ਵਿੱਚ ਸਵਾਰ ਇੱਕ ਦੋਸਤ ਜ਼ਖਮੀ ਹੋਏ ਹਨ। ਪਰਿਵਾਰ ਦੇ ਅਨੁਸਾਰ ਮੂਸੇਵਾਲਾ ਨੇ ਆਡੀਓ ਰਿਕਾਰਡਿੰਗ ਪੂਰੀ ਕਰ ਲਈ ਸੀ ਤੇ ਵੀਡੀਓ ਸ਼ੂਟ ਦੀ ਗੱਲਬਾਤ ਚੱਲ ਰਹੀ ਸੀ। ਉਸ ਨੇ ਇਨ੍ਹਾਂ ਗਰਮੀਆਂ ਵਿੱਚ ਆਪਣੇ ਪ੍ਰੋਗਰਾਮਾਂ ਲਈ ਕੈਨੇਡਾ ਜਾਣਾ ਤੇ ਓਦੋਂ ਪਹਿਲਾਂ ਗੀਤ ਰਿਲੀਜ਼ ਕਰਨਾ ਸੀ।

ਸਿੱਧੂ ਮੂਸੇਵਾਲਾ ਦੇ ਕਤਲ ਕੇਸਵਿੱਚਅੱਜ ਵੀ ਪੰਜਾਬ ਪੁਲਿਸ ਨੇ ਖੁਲਾਸੇ ਕੀਤੇ ਹਨ। ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ(ਏਜੀਟੀਐਫ) ਦੇ ਚੀਫ ਨੇ ਦਾਅਵਾ ਕੀਤਾ ਕਿ ਸਿੱਧੂਮੂਸੇਵਾਲਾ ਦੇ ਦੋ ਕਾਤਲ ਦੇਸ਼ ਛੱਡ ਕੇ ਫਰਾਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਸਚਿਨ ਬਿਸ਼ਨੋਈ ਤੇ ਅਨਮੋਲ ਬਿਸ਼ਨੋਈ ਫਰਜੀ ਪਾਸਪੋਰਟ ਬਣਾ ਕੇ ਫਰਾਰ ਹੋ ਚੁੱਕੇ ਹਨ। ਸਚਿਨ ਬਿਸ਼ਨੋਈ ਨੇ ਤਿਲਕ ਰਾਜ ਦੇ ਨਾਂ ਦਾ ਪਾਸਪੋਰਟ ਤੇ ਅਨਮੋਲ ਬਿਸ਼ਨੋਈ ਨੇ ਭਾਨੂੰ ਪ੍ਰਤਾਪ ਦੇ ਨਾਂ ਉਤੇ ਪਾਸਪੋਰਟ ਬਣਵਾਇਆ ਸੀ। ਦੇਸ਼ ਛੱਡ ਕੇ ਫਰਾਰ ਹੋਗਏ ਸਚਿਨ ਬਿਸ਼ਨੋਈ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਸਿੱਧੂਮੂਸੇਵਾਲਾ ਨੂੰ ਗੋਲੀਆਂ ਮਾਰੀਆਂ ਸਨ, ਪਰ ਪੁਲਸ ਮੁਤਾਬਕ ਇਹ ਸੱਚ ਨਹੀਂ, ਇਹ ਜਾਂਚ ਭਟਕਾਉਣ ਲਈ ਦਿੱਤੀ ਗਲਤ ਸੂਚਨਾ ਸੀ।ਪੰਜਾਬ ਪੁਲਿਸ ਦੇ ਏਜੀਟੀਐਫ ਦੇ ਮੁਖੀ ਨੇ ਦੱਸਿਆ ਕਿ ਅੱਜਤੱਕਸਿੱਧੂਮੂਸੇਵਾਲਾ ਕਤਲ ਕੇਸ ਵਿੱਚ 13 ਬੰਦੇ ਫੜੇ ਹਨ ਤੇ ਅੱਜ ਵੀ ਇਕ ਦੋਸ਼ੀ ਫੜਿਆ ਹੈ।ਉਨ੍ਹਾਂ ਕਿਹਾ ਕਿ ਸਾਰੀ ਸਾਜਿਸ਼ ਪਿੱਛੇ ਲਾਰੈਂਸ ਬਿਸ਼ਨੋਈ ਮੁੱਖ ਦੋਸ਼ੀ ਹੈ ਤੇ ਉਸ ਨੇ ਗੋਲਡੀ ਬਰਾੜ ਨਾਲ ਮਿਲ ਕੇ ਸਾਜਿਸ਼ ਰਚੀ ਸੀ।

## ਆਸਟਰੇਲੀਆ ਦੇ ਉਪ ਪ੍ਰਧਾਨ ਮੰਤਰੀ ਨੇ ਚੀਨ ਨੂੰ ‘ਸੁਰੱਖਿਆ ਦੀ ਸਭ ਤੋਂ ਵੱਡੀ ਚਿੰਤਾ’ਆਖਿਆ

ਨਵੀਂ ਦਿੱਲੀ, 23 ਜੂਨ, (ਪੋਸਟ ਬਿਊਰੋ)- ਆਸਟਰੇਲੀਆ ਦੇ ਉਪ ਪ੍ਰਧਾਨ ਮੰਤਰੀ ਰਿਚਰਡ ਮਾਰਲੇਸ ਨੇ ਅੱਜ ਭਾਰਤ ਆ ਕੇ ਕਿਹਾ ਕਿ ਆਸਟਰੇਲੀਆ ਲਈ ਚੀਨ ‘ਸੁਰੱਖਿਆਦੀ ਸਭ ਤੋਂ ਵੱਡੀ ਚਿੰਤਾ’ ਹੈ, ਕਿਉਂਕਿ ਉਹ ਦੁਨੀਆ ਨੂੰ ਇਹੋ ਜਿਹਾ ਰੂਪ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਤਰ੍ਹਾਂ ਦਾ ਪਹਿਲਾਂ ਕਦੇ ਨਹੀਂ ਦੇਖਿਆ ਗਿਆ।



ਚਾਰ ਦਿਨਾਂ ਦੇ ਸਰਕਾਰੀ ਦੌਰੇ ਉੱਤੇਭਾਰਤ ਆਏ ਮਾਰਲੇਸ ਨੇ ਕਿਹਾ ਕਿ ਭਾਰਤ ਦੀਆਂ ਵੀ ਇਹ ਹੀਸੁਰੱਖਿਆ ਚਿੰਤਾ ਹੈ ਤੇ ਪੂਰਬੀ ਲੱਦਾਖ ਵਿੱਚ ਚੀਨ ਨਾਲ ਸਰਹੱਦੀ ਵਿਵਾਦ ਬਾਰੇ ਆਸਟਰੇਲੀਆਭਾਰਤ ਨਾਲ ਖੜਾ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਸਟਰੇਲੀਆ ਦੇ ਉਪ ਪ੍ਰਧਾਨ ਮੰਤਰੀ ਨੇ ਚੀਨ ਤੇ ਰੂਸਵਿਚਾਲੇ ਵਧਦੇ ਰੱਖਿਆ ਤੇ ਸੁਰੱਖਿਆ ਸਹਿਯੋਗ ਉੱਤੇ ਚਿੰਤਾ ਨਾਲ ਕਿਹਾ ਕਿ ਇਸ ਦਾ ਖਿੱਤੇ ਉੱਤੇ ਅਸਰ ਪੈ ਸਕਦਾ ਹੈ। ਮਾਰਲੇਸ ਆਸਟਰੇਲੀਆ ਦੇ ਰੱਖਿਆ ਮੰਤਰੀ ਵੀ ਹਨ। ਉਨ੍ਹਾਂ ਕਿਹਾ ਕਿ ਭਾਰਤ ਤੇ ਆਸਟਰੇਲੀਆ ਆਪਣੇ ਰੱਖਿਆਅਤੇ ਸੁਰੱਖਿਆ ਸਬੰਧ ਵਧਾਉਣਦੇ ਲਈ ਵਚਨਬੱਧ ਹਨ, ਕਿਉਂਕਿ ਉਨ੍ਹਾਂ ਦਾ ਦੇਸ਼ ਵਿਸ਼ਵ ਪ੍ਰਤੀ ਆਪਣੇ ਨਜ਼ਰੀਏ ਵਿੱਚ ਭਾਰਤ ਨੂੰ ਕੇਂਦਰ ਵਿੱਚ ਦੇਖਦਾ ਹੈ।

ਮਾਰਲੇਸ ਨੇ ਕਿਹਾ ਕਿ ਭਾਰਤ ਅਤੇ ਆਸਟਰੇਲੀਆ ਨਾ ਸਿਰਫ ਆਰਥਿਕ ਖੇਤਰ, ਸਗੋਂ ਰੱਖਿਆਬਾਰੇ ਵੀ ਦੁਵੱਲੇ ਸਬੰਧਾਂ ਲਈ ਕਰੀਬੀ ਪੱਧਰ ਉੱਤੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿਪਿਛਲੇ ਕੁਝ ਸਾਲਾਂ ਵਿੱਚ ਅਸੀਂ ਚੀਨ ਦੇ ਵਧੇਰੇ ਹਮਲਾਵਰ ਰਵੱਈਏ ਨੂੰ ਖਾਸ ਤੌਰ ਉੱਤੇ ਮਹਿਸੂਸ ਕੀਤਾ ਹੈ।ਮਾਰਲੇਸ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਅਸੀਂ ਅਜਿਹੀ ਦੁਨੀਆ ਵਿੱਚ ਰਹੀਏ, ਜਿੱਥੇ ਕਾਨੂੰਨ ਆਧਾਰਿਤ ਵਿਵਸਥਾ ਅਤੇ ਦੇਸ਼ਾਂ ਵਿੱਚਾਲੇ ਵਿਵਾਦਾਂ ਦਾ ਹੱਲ ਨਿਯਮਾਂ ਹੇਠ ਸ਼ਾਂਤਮਈ ਢੰਗ ਨਾਲ ਹੋਵੇ। ਚੀਨ ਤੇ ਰੂਸਵਿਚਾਲੇ ਵਧਦੇ ਰੱਖਿਆ ਅਤੇ ਸੁਰੱਖਿਆ ਸਹਿਯੋਗ ਦੇਬਾਰੇ ਉਨ੍ਹਾਂ ਸ਼ੱਕ ਪ੍ਰਗਟ ਕੀਤਾ ਤੇ ਕਿਹਾ ਕਿ ਦੁਨੀਆ ਵਿੱਚ ਸ਼ਾਂਤੀ ਕਾਇਮ ਰੱਖਣੀ ਬਹੁਤ ਜ਼ਰੂਰੀ ਹੈ।

## ਕਾਨੂੰਗੋ ਚਾਲੀ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

ਮਾਛੀਵਾੜਾ, 23 ਜੂਨ (ਪੋਸਟ ਬਿਊਰੋ)- ਸਬ ਤਹਿਸੀਲ ਮਾਛੀਵਾੜਾ ਵਿੱਚ ਕਾਨੂੰਨਗੋ ਬਲਜੀਤ ਸਿੰਘ ਨੂੰ ਕੱਲ੍ਹ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ 15 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਅਤੇ ਪੁਲਸ ਨੇ ਕਾਨੂੰਨਗੋ ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ।

ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਮੁਤਾਬਕ ਰਣਮਿੰ-ਦਰ ਸਿੰਘ ਵਾਸੀ ਮੇਹਰਬਾਨ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਦੀ ਪਿੰਡ ਉਧੋਵਾਲ ਵਿੱਚ ਜ਼ਮੀਨ ਹੈ, ਜਿਸ ਦੀ ਤਕਸੀਮ ਅਤੇ ਦਾਖਲ ਵਾਰੰਟ ਲਈ ਮਾਛੀਵਾੜਾ ਦੇ ਕਾਨੂੰਨਗੋ ਨੇ ਉਸ ਕੋਲੋਂ ਚਾਲੀ ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ ਤੇ ਸੌਦਾ 25 ਹਜ਼ਾਰ ਦਾ ਹੋਇਆ ਹੈ। ਕਾਨੂੰਨਗੋ ਨੇ ਰਣਮਿੰਦਰ ਸਿੰਘ ਤੋਂ 12 ਹਜ਼ਾਰ ਰੁਪਏ ਪਹਿਲਾਂ ਲਏ ਅਤੇ ਕੱਲ੍ਹ ਜਦੋਂ ਬਾਕੀ 15 ਹਜ਼ਾਰ ਰੁਪਏ ਦੇਣੇ ਸੀ ਤਾਂ ਸ਼ਿਕਾਇਤਕਰਤਾ ਨੇ 500-500 ਰੁਪਏ ਦੇ ਨੋਟਾਂ ਦੀ ਫੋਟੋ ਸਟੇਟ ਕਰਵਾ ਕੇ ਰੱਖ ਲਈ। ਜਦੋਂ ਰਣਮਿੰ-ਦਰ ਸਿੰਘ ਨੇ ਮਾਛੀਵਾੜਾ ਸਬ ਤਹਿਸੀਲ ਵਿੱਚ ਕਾਨੂੰਨਗੋ ਨੂੰ ਰਿਸ਼ਵਤ ਦੇ ਬਾਕੀ 15 ਹਜ਼ਾਰ ਰੁਪਏ ਦਿੱਤੇ ਤਾਂ ਵਿਧਾਇਕ ਦਿਆਲਪੁਰਾ ਨੇ ਅਚਾਨਕ ਛਾਪਾ ਮਾਰਦਿਆਂ ਕਾਨੂੰਨਗੋ ਦੀ ਜੇਬ ਵਿੱਚੋਂ ਹੀ ਨੋਟ ਬਰਾਮਦ ਕਰ ਲਏ। ਪੁਲਸ ਨੇ ਰਿਸ਼ਵਤ ਦੇ ਮਾਮਲੇ ਵਿੱਚ ਕਾਨੂੰਨਗੋ ਬਲਜੀਤ ਸਿੰਘ ਨੂੰ ਗ੍ਰਿਫਤਾਰ ਕਰ ਕੇ ਕਾਨੂੰਨੀ ਕਰਵਾਈ ਆਰੰਭ ਦਿੱਤੀ ਹੈ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਇੰਤਹਾਈ ਨਸ਼ੇ ਵਿੱਚ ਅਪਰਾਧ ਬਾਰੇ ਬਿੱਲ ਦਾ ਪੈਣ ਵਾਲਾ ਪ੍ਰਭਾਵ

ਕੱਲ ਫੈਡਰਲ ਪਾਰਲੀਮੈਂਟ ਨੇ ਜਸਟਿਸ ਮੰਤਰੀ ਡੇਵਿਡ ਲਾਮੇਟੀ ਦੇ ਬਿੱਲ ਸੀ-28 ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਹੈ। ਇਸ ਬਿੱਲ ਦਾ ਕੇਂਦਰੀ ਮੁੱਦਾ ਹੈ ਕਿ ਜੇ ਕੋਈ ਵਿਅਕਤੀ ਇੰਤਹਾਈ ਰੂਪ ਵਿੱਚ ਨਸ਼ਈ ਹੋ ਕੇ ਉਟੋਮਅਟਸਿਮ ਦੀ ਸਥਿਤੀ ਵਿੱਚ ਚਲਾ ਜਾਂਦਾ ਹੈ ਤਾਂ ਉਸ ਵੱਲੋਂ ਕੀਤੇ ਗਏ ਕਤਲ ਜਾਂ ਹੋਰ ਅਪਰਾਧ ਦੀ ਅਦਾਲਤ ਵੱਲੋਂ ਸਜ਼ਾ ਮਿਲ ਦਿੱਤੀ ਜਾ ਸਕਦੀ ਹੈ। ਉਟੋਮਅਟਸਿਮ ਤੋਂ ਭਾਵ ਹੈ ਨਸ਼ੇ ਦੀ ਉਹ ਹਾਲਤ ਜਿਸ ਵਿੱਚ ਵਿਅਕਤੀ ਆਪਣੀ ਸੁੱਧ ਬੁੱਧ (ਚੋਨਸਚੋਿਸਨੲਸਸ) ਖੋ ਬੈਠਦਾ ਹੈ ਪਰ ਉਸਦੀ ਕੰਮ ਕਰਨ ਦੀ ਸਮਰੱਥਾ ਬਰਕਰਾਰ ਰਹਿੰਦੀ ਹੈ। ਇਹ ਸਥਿਤੀ ਬੇਹੋਸ਼ੀ (ਨਚੋਨ-ਸਚੋਿਸਨੲਸਸ) ਤੋਂ ਵੱਖਰੀ ਹੁੰਦੀ ਹੈ ਕਿਉਂਕਿ ਬੇਹੋਸ਼ੀ ਵਿੱਚ ਵਿਅਕਤੀ ਕੰਮ ਕਰਨ ਦੀ ਤਾਕਤ ਖੋ ਬੈਠਦਾ ਹੈ। ਉਟੋਮਅਟਸਿਮ ਉਸ ਮਾਨਸਿਕ ਸਥਿਤੀ ਦੀ ਉਪਜ ਹੁੰਦੀ ਹੈ ਜਿਸ ਵਿੱਚ ਕੋਈ ਵਿਅਕਤੀ ਦਾ ਚੇਤਨ ਮਨ'' ਉਸਦੇ ਮਨ ਦੇ ਉਸ ਹਿੱਸੇ ਤੋਂ ਅਲੱਗ ਥਲੱਗ ਹੋ ਜਾਂਦਾ ਹੈ ਜਿਸ ਨਾਲ ਉਹ ਆਪਣੀਆਂ ਕਾਰਵਾਈਆਂ ਉੱਤੇ ਕਾਬੂ ਰੱਖਦਾ ਹੈ।

ਉਟੋਮਅਟਸਿਮ ਨੂੰ ਸਵੈ ਦੇ ਬਚਾਅ ਲਈ ਵਰਤਣ ਦੀ ਮਿਸਾਲ ਉਸ ਵੇਲੇ ਮਸ਼ਹੂਰ ਹੋਈ ਸੀ ਜਦੋਂ ਇਸ ਸਾਲ ਮਈ ਵਿੱਚ ਸੁਪਰੀਮ ਕੋਰਟ ਨੇ ਮਾਊਂਟ ਰੋਆਇਲ ਯੂਨੀਵਰਸਿਟੀ ਕੈਲਗਰੀ ਦੇ ਵਿੱਦਿਆਰਥੀ ਮੈਥਿਊ ਬਰਾਊਨ ਨੂੰ ਬਰੀ ਕਰ ਦਿੱਤਾ ਸੀ। ਮੈਥਿਊ ਨੇ ਪ੍ਰੋਫੈਸਰ ਜੇਨਟ ਹੈਮਨੱਟ ਦਾ ਉਸਦੇ ਘਰ ਅੰਦਰ ਦਾਖਲ ਹੋ ਕੇ ਬੁਰੀ ਤਰਾਂ ਜਖ਼ਮੀ ਕਰ ਦਿੱਤਾ ਸੀ। ਇਹ ਘਟਨਾ 2018 ਵਿੱਚ ਹੋਈ ਸੀ ਜਦੋਂ ਮੈਥਿਊ ਨਸ਼ੇ ਦੀ ਹਾਲਤ ਵਿੱਚ ਬਿਨਾ ਬਸਤਰਾਂ ਤੋਂ ਪ੍ਰੋਫੈਸਰ ਦੇ ਘਰ ਜਾ ਵੜਿਆ ਅਤੇ ਡੰਡੇ ਮਾਰ ਮਾਰ ਕੇ ਉਸਨੂੰ ਜਖ਼ਮੀ ਕਰ ਦਿੱਤਾ। ਮੈਥਿਊ ਨੇ ਅਦਾਲਤ ਵਿੱਚ ਮੰਨਿਆ ਸੀ ਕਿ ਉਹ ਢਾਈ ਗ੍ਰਾਮ ਮੈਜਿਕ ਮਸ਼ਰੂਮ ਖਾਣ ਤੋਂ ਬਾਅਦ 12-14 ਆਊਂਸ ਵੋਦਕਾ ਪੀਤੀ, ਫੇਰ ਕਈ ਹੋਰ ਬੀਅਰਾਂ ਪੀਣ ਤੋਂ ਪ੍ਰੋਫੈਸਰ ਜੇਨਟ ਦੇ ਘਰ ਗਿਆ ਸੀ। ਮੈਥਿਊ ਦੇ ਵਕੀਲਾਂ ਦੀ ਦਲੀਲ ਸੀ ਕਿ ਉਹ ਨਸ਼ੇ ਕਾਰਣ ਅਜਿਹੀ ਮਾਨਸਿਕ ਸਥਿਤੀ ਵਿੱਚ ਚਲਾ ਗਿਆ ਜਿੱਥੇ ਉਸਦਾ ਆਪਣੇ ਐਕਸ਼ਨਾਂ ਉੱਤੇ ਕੋਈ ਕਾਬੂ ਨਹੀਂ ਸੀ ਰਿਹਾ। ਇਸ ਨਾਲ ਮਿਲਦੇ ਜੁਲਦੇ ਕੇਸ ਵਿੱਚ ਸੁਪਰੀਮ ਕੋਰਟ ਨੇ ਉਂਟੇਰੀਓ ਦੇ ਦੋ ਸਕੇ ਭਰਾਵਾਂ ਸਲੀਵਨ ਅਤੇ ਚੈਨ ਨੂੰ ਵੀ ਬਰੀ ਕਰ ਦਿੱਤਾ ਸੀ। ਸਲੀਵਨ ਨੇ ਬੇਇੰਤਹਾ ਨਸ਼ੇ ਦੀ ਹਾਲਤ ਵਿੱਚ ਆਪਣੀ ਮਾਂ ਨੂੰ ਜਖ਼ਮੀ ਕਰ ਦਿੱਤਾ ਸੀ ਅਤੇ ਚੈਨ ਨੇ ਆਪਣੇ ਬਾਪ ਦਾ ਕਤਲ ਕਰ ਦਿੱਤਾ ਸੀ।

ਸੁਪਰੀਮ ਕੋਰਟ ਨੇ ਇਹਨਾਂ ਫੈਸਲਿਆਂ ਤੋਂ ਬਾਅਦ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਟੋਮਅਟਸਿਮ ਦੀ ਸਥਿਤੀ ਵਿੱਚ ਅਪਰਾਧ ਕਰਨ ਵਾਲਿਆਂ ਬਾਬਤ ਕਾਨੂੰਨ ਬਣਾਇਆ ਜਾਵੇ। ਚੇਤੇ ਰਹੇ ਕਿ 1994 ਵਿੱਚ ਸੁਪਰੀਮ ਕੋਰਟ ਨੇ ਕ੍ਰਿਮੀਨਲ ਕੋਡ ਦੀ ਉਸ ਧਾਰਾ ਨੂੰ ਖਤਮ ਕਰ ਦਿੱਤਾ ਸੀ ਜਿਸ ਤਹਿਤ ਇੰਤਹਾਈ ਨਸ਼ੇ ਤੋਂ ਬਾਅਦ ਅਪਰਾਧ ਕਰਨ ਵਾਲੇ ਆਪਣਾ ਬਚਾਅ ਨਹੀਂ ਸਨ ਕਰ ਸਕਦੇ। ਔਰਤਾਂ ਅਤੇ ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਲੋਕਾਂ ਅਤੇ ਸੰਸਥਾਵਾਂ ਨੇ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਬਹੁਤ ਵਿਰੋਧ ਕੀਤਾ ਸੀ। ਇੱਕ ਸਾਲ ਬਾਅਦ ਭਾਵ 1995 ਵਿੱਚ ਪਬਲਕਿ ਦੇ ਦਬਾਅ ਤਹਿਤ ਪਾਰਲੀਮੈਂਟ ਨੇ ਕ੍ਰਿਮੀਨਲ ਕੋਡ ਵਿੱਚ ਤਬਦੀਲੀ ਕਰਕੇ ਸੁਪਰੀਮ ਕੋਰਟ ਵੱਲੋਂ ਲਿਆਂਦੀ ਤਬਦੀਲੀ ਨੂੰ ਖਤਮ ਕਰ ਦਿਤਾ ਸੀ। ਇਸਤੋਂ ਬਾਅਦ 26 -27 ਸਾਲ ਤੱਕ ਕੈਨੇਡਾ ਵਿੱਚ ਇੰਤਹਾਈ ਨਸ਼ੇ ਤੋਂ ਬਾਅਦ ਕੀਤੇ ਅਪਰਾਧਾਂ ਬਾਰੇ ਕਾਨੂੰਨ ਦੀ ਆਪੋ ਆਪਣੀ ਸਮਝ ਮੁਤਾਬਕ ਫੈਸਲੇ ਕਰਦੇ ਰਹੇ ਹਨ ਪਰ ਮਈ 2022 ਵਿੱਚ ਸੁਪਰੀਮ ਕੋਰਟ ਨੇ ਮੈਥਿਊ ਬਰਾਊਸ ਕੇਸ ਵਿੱਚ ਸੁੱਤੀ ਕਲਾ ਨੂੰ ਦੁਬਾਰਾ ਜਗਾ ਦਿੱਤਾ ਸੀ।

ਨਵਾਂ ਬਿੱਲ ਸੁਪਰੀਮ ਕੋਰਟ ਦੇ ਫੈਸਲੇ ਨੂੰ ਉੱਕਾ ਪੁੱਕਾ ਰੱਦੀ ਦੀ ਟੋਕਰੀ ਵਿੱਚ ਨਹੀਂ ਸੁੱਟਦਾ ਸਗੋਂ ਸੁਪਰੀਮ ਕੋਰਟ ਅਤੇ ਪਾਰਲੀਮੈਂਟ ਵਿੱਚ ਚੱਲਦੇ ਆ ਰਹੇ ਮੱਤਭੇਦ ਤੋਂ ਵਿਚਕਾਰਲਾ ਰਸਤਾ ਅਪਣਾਉਂਦਾ ਹੈ। ਭਾਵ ਹੁਣ ਲੋਕਾਂ ਕੋਲ ਨਸ਼ੇ ਤੋਂ ਬਾਅਦ ਖੁਦ ਦੇ ਬਚਾਅ ਲਈ ਬਹੁਤਾ ਕਰਕੇ ਕੋਈ ਬਚਾਅ ਨਹੀਂ ਹੋਵੇਗਾ ਪਰ ਚੋਰ ਮੋਰੀ ਜਰੂਰ ਹੋਵੇਗੀ। ਇਸ ਚੋਰ ਮੋਰੀ ਨੂੰ ਵਰਤਣ ਲਈ ਬਹੁਤ ਹੀ ਮਜ਼ਬੂਤ ਸਬੂਤ ਦੇਣੇ ਹੋਣਗੇ ਕਿ ਉਹਨਾਂ ਦੀ ਨਸ਼ੇ ਕਾਰਣ ਸੱਚਮੁੱਚ ਹੀ ਮੱਤ ਮਾਰੀ ਗਈ ਸੀ। ਪਰ ਕਾਨੂੰਨ ਵਿੱਚ ਚੋਰ ਮੋਰੀਆਂ ਲੱਭਣ ਵਾਲਿਆਂ ਦੀ ਵੀ ਕਮੀ ਨਹੀਂ ਹੈ।

## ਲਿਬਰਲਾਂ ਨੂੰ ਮਹਿੰਗੀ ਪੈ ਸਕਦੀ ਹੈ ਕੰਜ਼ਰਵੇਟਿਵਾਂ ਦੀ ਪੌਪੂਲੈਰਿਟੀ : ਨੈਨੋਜ਼

...ਪੰਨਾ 1 ਦਾ ਬਾਕੀ

ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

ਨੈਨੋਜ਼ ਨੇ ਆਖਿਆ ਕਿ ਜੇ ਅਜਿਹਾ ਹੁੰਦਾ ਹੈ ਤੇ ਇਹ ਅੰਕੜੇ ਹੋਰ ਵਧਦੇ ਹਨ ਤੇ ਇਸ ਸਾਲ ਦੇ ਅੰਤ ਵਿੱਚ ਕੰਜ਼ਰਵੇਟਿਵਾਂ ਦੀ ਲੀਡਰਸ਼ਿਪ ਦੌੜ ਦੇ ਜੋ ਵੀ ਨਤੀਜੇ ਆਉਂਦੇ ਹਨ, ਉਨ੍ਹਾਂ ਨੂੰ ਵੇਖ ਕੇ ਇਹ ਆਖਿਆ ਜਾ ਸਕਦਾ ਹੈ ਕਿ ਇਹ ਲਿਬਰਲਾਂ ਲਈ ਮਾੜੀ ਖਬਰ ਹੋ ਸਕਦੀ ਹੈ। ਇਸ ਸਮੇਂ ਕੈਂਡਿਸ ਬਰਜਨ ਅੰਤਰਿਮ ਆਗੂ ਵਜੋਂ ਕੰਜ਼ਰਵੇਟਿਵ ਪਾਰਟੀ ਦੀ ਅਗਵਾਈ ਕਰ ਰਹੇ ਹਨ ਤੇ 10 ਸਤੰਬਰ ਨੂੰ ਪਾਰਟੀ ਮੈਂਬਰਾਂ ਵੱਲੋਂ ਆਪਣੇ ਆਗੂ ਦੀ ਚੋਣ ਕਰਨੀ ਹੋਵੇਗੀ।

## ਹੁਣ ਰੋਜ਼ਾਨਾ 10 ਡਾਲਰ ਵਾਲੇ ਪ੍ਰੋਗਰਾਮ ਲਈ ਅਪਲਾਈ ਕਰ ਸਕਣਗੀਆਂ ਚਾਈਲਡਕੇਅਰ ਫੈਸਿਲਿਟੀਜ਼



ਟੋਰਾਂਟੋ, 23 ਜੂਨ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਦੀਆਂ ਲਾਇਸੰਸਸ਼ੁਦਾ ਚਾਈਲਡਕੇਅਰ ਫੈਸਿਲਿਟੀਜ਼ ਹੁਣ ਕੈਨੇਡਾ ਭਰ ਵਿੱਚ ਲਾਗੂ ਹੋਣ ਵਾਲੇ ਰੋਜ਼ਾਨਾ 10 ਡਾਲਰ ਵਾਲੇ ਪ੍ਰੋਗਰਾਮ ਨੂੰ ਅਪਲਾਈ ਕਰ ਸਕਣਗੀਆਂ। ਇਸ ਪ੍ਰੋਗਰਾਮ ਦੇ ਲਾਗੂ ਹੋਣ ਨਾਲ ਮਾਪਿਆਂ ਨੂੰ ਵੀ ਸੁਖ ਦਾ ਸਾਹ ਆਵੇਗਾ।

ਮਾਰਚ ਦੇ ਮਹੀਨੇ ਓਨਟਾਰੀਓ ਨੇ ਵੀ ਫੈਡਰਲ ਸਰਕਾਰ ਨਾਲ ਚਾਈਲਡਕੇਅਰ ਲਈ 10 ਡਾਲਰ ਰੋਜ਼ਾਨਾ ਵਾਲਾ ਸਮਝੌਤਾ ਕੀਤਾ ਸੀ ਤੇ ਉਨ੍ਹਾਂ ਇਹ ਵਾਅਦਾ ਵੀ ਕੀਤਾ ਸੀ ਕਿ ਇਹ ਫੀਸ 25 ਫੀ ਸਦੀ ਘਟਾ ਦਿੱਤੀ ਜਾਵੇਗੀ ਤੇ 12 ਡਾਲਰ ਪ੍ਰਤੀ ਦਿਨ ਕਰ ਦਿੱਤੀ ਜਾਵੇਗੀ। ਉਸ ਸਮੇਂ ਮਾਪਿਆਂ ਨੂੰ ਆਖਿਆ ਗਿਆ ਸੀ ਕਿ ਜਲਦ ਤੋਂ ਜਲਦ ਮਈ ਵਿੱਚ ਮਾਪਿਆਂ ਨੂੰ ਛੋਟ ਵਾਲੇ ਚੈੱਕ ਵੀ ਮਿਲਣ ਲੱਗਣਗੇ। ਪਰ ਇਸ ਹਫਤੇ ਤੱਕ ਵੀ ਜੀਟੀਏ ਦੀਆਂ ਬਹੁਤੀਆਂ ਚਾਈਲਡਕੇਅਰ ਫੈਸਿਲਿਟੀਜ਼ ਇਸ ਪ੍ਰੋਗਰਾਮ ਲਈ ਅਪਲਾਈ ਨਹੀਂ ਕਰ ਪਾਈਆਂ ਹਨ। ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਨੂੰ ਲਾਇਸੰਸਸ਼ੁਦਾ ਚਾਈਲਡਕੇਅਰ ਆਪਰੇਟਰਜ਼ ਨਾਲ ਸੰਪਰਕ ਕਰਕੇ ਐਪਲੀਕੇਸ਼ਨ ਪ੍ਰਕਿਰਿਆ ਤਿਆਰ ਕਰਨ ਦੀ ਲੋੜ ਹੈ, ਜਿਸ ਕਾਰਨ ਦੇਰ ਹੋ ਰਹੀ ਹੈ।

ਬੁੱਧਵਾਰ ਨੂੰ ਸਿਟੀ ਆਫ ਟੋਰਾਂਟੋ ਨੇ ਐਲਾਨ ਕੀਤਾ ਕਿ ਉਹ ਕੈਨੇਡਾ ਪੱਧਰ ਉੱਤੇ ਲਰਨਿੰਗ ਐਂਡ ਚਾਈਲਡ ਕੇਅਰ ਫੰਡਿੰਗ ਪ੍ਰੋਗਰਾਮ ਲਈ ਅਰਜ਼ੀਆਂ ਸਵੀਕਾਰ ਕਰਨ ਲਈ ਤਿਆਰ ਹੈ। ਇਹ ਐਪਲੀਕੇਸ਼ਨ ਪ੍ਰਕਿਰਿਆ 23 ਜੂਨ ਤੋਂ ਸ਼ੁਰੂ ਹੋਵੇਗੀ ਤੇ ਲਾਇਸੰਸਸ਼ੁਦਾ ਚਾਈਲਡਕੇਅਰ ਆਪਰੇਟਰਜ਼ ਕੋਲ ਇਸ ਨੂੰ ਅਪਨਾਉਣ ਲਈ ਪਹਿਲੀ ਸਤੰਬਰ ਤੱਕ ਦਾ ਸਮਾਂ ਹੈ।

## ਗੋਪਾਲ ਨਗਰ ਗੋਲੀਕਾਂਡ ਦਾ ਮੁੱਖ ਦੋਸ਼ੀ ਪਿੰਪੂ ਮਹਾਰਾਸ਼ਟਰ ਤੋਂ ਕਾਬੂ

ਜਲੰਧਰ, 23 ਜੂਨ (ਪੋਸਟ ਬਿਊਰੋ)- ਗੋਪਾਲ ਨਗਰ ਗੋਲੀਕਾਂਡ ਦੇ ਮੁੱਖ ਦੋਸ਼ੀਪਿੰਪੂ ਨੂੰ ਸਪੈਸ਼ਲ ਆਪ੍ਰੇਸ਼ਨ ਯੂਨਿਟ (ਐਸ ਓ ਯੂ) ਨੇ ਗੁਪਤ ਉੱਤੇ ਮਹਾਰਾਸ਼ਟਰ ਤੋਂ ਗ੍ਰਿਫ਼ਤਾਰ ਕੀਤਾ ਅਤੇ ਕੱਲ੍ਹ ਜਲੰਧਰ ਲਿਆਂਦਾ ਹੈ।

ਵਰਨਣ ਯੋਗ ਹੈ ਕਿ ਸੀ ਆਈ ਏ ਸਟਾਫ-1 ਦੀ ਪੁਲਸ ਉਸਦੇ ਪਿੱਛੇ ਲੱਗੀ ਹੋਈ ਸੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗ ਰਿਹਾ ਸੀ।ਸਪੈਸ਼ਲ ਆਪ੍ਰੇਸ਼ਨ ਯੂਨਿਟ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਦੋਸ਼ੀ ਮਹਾਰਾਸ਼ਟਰ ਵਿੱਚ ਹੈ। ਇਸ ਟੀਮ ਨੇ ਸੂਚਨਾ ਮਿਲਣ ਉੱਤੇ ਮਹਾਰਾਸ਼ਟਰ ਵਿੱਚ ਰੇਡ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਪਹਿਲਾਂ ਅਕਾਲੀ ਨੇਤਾ ਸੁਭਾਸ਼ ਸੋਂਧੀ ਨੇ ਦੋਸ਼ ਲਾਏ ਸਨ ਕਿ ਪਿੰਪੂ ਉਨ੍ਹਾਂ ਦੇ ਦਫ਼ਤਰ ਦੇ ਚੱਕਰ ਕੱਟਦਾ ਹੈ ਤੇ ਕਿਸੇ ਸਮੇਂ ਉਨ੍ਹਾਂ ਉੱਤੇ ਕਾਤਲਾਨਾ ਹਮਲਾ ਕਰ ਸਕਦਾ ਹੈ। ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦੇਣ ਪਿੱਛੋਂ ਵੱਖ-ਵੱਖ ਟੀਮਾਂ ਦੋਸ਼ੀ ਦੀ ਤਲਾਸ਼ ਵਿੱਚ ਜੁੱਟ ਗਈਆਂ ਸਨ।ਸੁਭਾਸ਼ ਸੋਂਧੀ ਦੇ ਬੇਟੇ ਹਿਮਾਂਸ਼ੂ ਉੱਤੇ ਕੁਝ ਸਮੇਂ ਪਹਿਲਾਂ ਗੋਪਾਲ ਨਗਰ ਵਿੱਚ ਹਮਲਾ ਕੀਤਾ ਗਿਆ ਸੀ। ਇਸ ਦੌਰਾਨ ਜਦੋਂ ਹਿਮਾਂਸ਼ੂ ਆਪਣੀ ਜਾਨ ਬਚਾਉਣ ਲਈ ਭੱਜਾ ਤਾਂ ਪਿੱਛੇ ਤੋਂ ਦੋਸ਼ੀਆਂ ਨੇ ਉਸ ਉੱਤੇ ਗੋਲੀ ਚਲਾ ਦਿੱਤੀ ਸੀ ਜੋ ਇੱਕ ਰਾਹਗੀਰ ਨੂੰ ਲੱਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੀ ਮਾਸਕ ਸੱਚਮੁੱਚ ਲੱਥ ਜਾਣਗੇ?

ਪੜ੍ਹੀ ਖਬਰ ਅੱਜ ਦੀ ਅਖਬਾਰ ਵਿੱਚ
ਸੋਚ ਰਹੀ ਹੈ ਸਰਕਾਰ ਕਿ ਹੁਣ ਮਾਸਕ ਲੱਥ ਜਾਣ
ਜੋ ਲੋਕਾਂ ਨੇ ਡੇਢ ਦੋ ਸਾਲਾਂ ਤੋਂ ਚੜ੍ਹਾ ਰੱਖੇ ਹਨ ਮੂਹਾਂ ਤੇ ਨੱਕ ਉਪਰ
ਹੈ ਤਾਂ ਇਹਨਾਂ ਦਾ ਫ਼ਾਇਦਾ ਹੀ ਸੀ,
ਬਚਾਈ ਰੱਖਿਆ ਇਹਨਾਂ ਨੇ ਕੋਰੋਨਾ ਤੋਂ ਹੁਣ ਤੱਕ
ਸ਼ੁਕਰੀਆ ਰੱਬਾ ਤੇਰਾ, ਜੋ ਬਖਸ਼ੀ ਹੈ ਜ਼ਿੰਦਗੀ ਦੀ ਇੱਕ ਹੋਰ ਕਿਸ਼ਤ
ਮਿਲੇ ਭੱਜ ਭੱਜ ਕੇ ਅਸੀਂ ਆਪਣੇ ਪਿਆਰਿਆਂ ਨੂੰ, ਦੋਸਤਾਂ ਨੂੰ ਤੇ ਮਿੱਤਰਾਂ ਨੂੰ
ਬੜਾ ਔਖਾ ਗੁਜਾਰਿਆ ਹੈ ਧਰਮ ਨਾਲ ਇਹ ਸਮਾਂ
ਚਲੋ ਅੰਤ ਭਲਾ ਸੋ ਭਲਾ!!
ਪਰ ਹਾਲੇ ਵੀ ਨਹੀਂ ਨਿਕਲ ਰਹੀ ਇਹ ਗਲ ਜ਼ਹਿਨ ਵਿਚੋਂ
ਕਿ ਸੱਚਮੁਚ ਹੀ ਸਾਰੇ ਮਾਸਕ ਲੱਥ ਜਾਣਗੇ ਭਲਾ?
ਹਾਂਜੀ ਜਿਹੜੇ ਮਾਸਕ ਤਾਂ ਦਿੱਖ ਰਹੇ ਹਨ
ਉਹ ਤਾਂ ਪੱਕਾ ਉੱਤਰ ਜਾਣੇ ਹਨ ਤੇ ਪਤਾ ਵੀ ਲੱਗ ਜਾਣਾ ਹੈ
ਕਿ ਉੱਤਰ ਗਏ ਹਨ ਕਿ ਲੱਥ ਗਏ ਹਨ ਜੀ
ਪਰ ਕੀ ਕਰੀਏ ਉਹਨਾਂ ਮਾਸਕਾਂ ਦਾ
ਜੋ ਪਹਿਨੇ ਹੋਏ ਹਾਂ ਅਸੀਂ ਕੋਰੋਨਾ ਦੇ ਆਉਣ ਤੋਂ ਸਦੀਆਂ ਪਹਿਲਾਂ
ਅਤੇ ਹੋਰ ਪਤਾ ਨਹੀਂ ਕਿੰਨੀਆਂ ਸਦੀਆਂ ਤੱਕ ਪਹਿਨੇ ਰਹਾਂਗੇ ਇਹ ਮਾਸਕ
ਜ਼ਰਾ ਸੋਚੀਏ ਕਿਹੜੇ ਹਨ ਉਹ?
ਬੋਲਣ ਵਾਲੇ :ਧੀਏ ਨੀ ਤੂੰ ਗਲ ਕਰ ਨੂੰਹੇਂ ਨੀ ਤੂੰ ਕੰਨ ਕਰ ਵਾਲੇ ਮਾਸਕ
ਨਜ਼ਰਾਂ ਵਾਲੇ:ਕਹੀਂ ਪੇ ਨਿਗਾਹੇਂ ਕਹੀਂ ਪੇ ਨਿਸ਼ਨਾ ਵਾਲੇ ਮਾਸਕ
ਈਰਖਾ ਵਾਲੇ:ਜੋ ਦਿੰਦੇ ਤਾਂ ਵਧਾਈ ਹਨ ਪਰ ਅੰਦਰੋਂ ਪੂਰੇ ਸੜੇ ਤੇ ਭੁੱਜੇ ਹੋਏ ਵਾਲੇ ਮਾਸਕ
ਲਾਲਚ ਵਾਲੇ:ਜੋ ਬੋਲਦੇ ਤਾਂ ਬਸ ਭਾਈ ਬਸ ਪਰ ਭਾਲਦੇ ਹੋਰ ਭਾਈ ਹੋਰ ਵਾਲੇ ਮਾਸਕ
ਸੋਸ਼ਣ ਵਾਲੇ:ਜੋ ਚੁੱਕਦੇ ਹਨ ਫ਼ਾਇਦਾ ਕਮਜ਼ੋਰਾਂ ਦੀ ਕਮਜ਼ੋਰੀ ਦਾ ਵਾਲੇ
ਸਿਆਸਤ ਵਾਲੇ:ਜੋ ਸਭ ਤੋਂ ਭਿਆਨਕ ਹਨ ਕਹਿਣਾ ਕੁਝ ਤੇ ਕਰਨਾ ਕੁਝ ਵਾਲੇ ਮਾਸਕ
ਸੋ ਸੋਚ ਵਿੱਚ ਹਾਂ ਕਿ ਮਾਸਕ ਸੱਚਮੁਚ ਹੀ ਲੱਥ ਜਾਣਗੇ ਭਲਾ ?
ਹਾਂਜੀ, ਕੋਰੋਨਾ ਵਾਲਿਆਂ ਦਾ ਤਾਂ ਯਕੀਨ ਹੈ ਕਿਉਂਕਿ ਉਹਨਾਂ ਦਾ ਤਾਂ ਲੱਗ ਜਾਣਾ ਹੈ ਪਤਾ
ਪਰ ਬਾਕੀਆਂ ਬਾਰੇ ਕੀ ਕਹਿਣਾ !
ਜਿਹਨਾਂ ਦਾ ਨਾਂ ਲੱਗਿਆਂ ਦਾ ਪਤਾ ਤੇ ਨਾਂ ਲੱਥਿਆਂ ਦਾ!!!

-ਅਮਰਜੀਤ ਕੌਰ,
ਸਟੇਟ ਐਵਾਰਡੀ ਸੇਵਾ ਮੁਕਤ
ਮੁੱਖ ਅਧਿਆਪਕਾ।

## ਕੰਪਨੀ ਦਾ ਜਾਅਲੀ ਮਾਰਕਾ ਲਾ ਕੇ ਹੈਂਡ ਟੂਲਜ਼ ਬਣਾਉਣ ਵਾਲਾ ਕਾਬੂ

ਜਲੰਧਰ, 23 ਜੂਨ (ਪੋਸਟ ਬਿਊਰੋ)- ਬਸਤੀ ਦਾਨਿਸ਼ਮੰਦਾਂ ਵਿੱਚ ਚੱਲਦੀ ਬਹਿਲ ਇੰਡਸਟਰੀਜ਼ ਵਿੱਚ ਟਪਾਰੀਆ ਕੰਪਨੀ ਦੇ ਨਕਲੀ ਹੈਂਡਟੂਲਜ਼ ਬਣਾਉਣ ਦੀ ਸੂਚਨਾ ਮਿਲਦੇ ਸਾਰ ਥਾਣਾ ਡਵੀਜ਼ਨ ਨੰਬਰ ਪੰਜ ਦੀ ਪੁਲਸ ਵੱਲੋਂ ਛਾਪਾ ਮਾਰ ਕੇ ਫੈਕਟਰੀ ਵਿੱਚ ਸਾਮਾਨ ਬਰਾਮਦ ਕਰਕੇ ਫੈਕਟਰੀ ਮਾਲਕ ਰਾਜੇਸ਼ ਕੁਮਾਰ ਪੁੱਤਰ ਸੁਭਾਸ਼ ਚੰਦਰ ਵਾਸੀ ਰਾਜਾ ਗਾਰਡਨ, ਬਸਤੀ ਪੀਰਦਾਦ, ਜਲੰਧਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਥਾਣਾ ਮੁਖੀ ਨੇ ਦੱਸਿਆ ਕਿ ਮੁੰਬਈ ਦੀ ਇੰਨਵੈਸਟੀਗੇਸ਼ਨ ਐਂਡ ਡੀਟੈਕਟਿਵ ਸਰਵਿਸਿਜ਼ ਨਾਂਅ ਦੀ ਕੰਪਨੀ ਦੇ ਫੀਲਡ ਮੈਨੇਜਰ ਰਜਿੰਦਰ ਸਿੰਘ ਨੇ ਉਨ੍ਹਾਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਟਪਾਰੀਆ ਟੂਲਜ਼ ਲਿਮਿਟਿਡ ਲਈ ਕੰਮ ਕਰਦਾ ਹੈ। ਉਨ੍ਹਾਂ ਦੀ ਕੰਪਨੀ ਵੱਲੋਂ ਬਣਾਏ ਜਾਂਦੇ ਪਲਾਸ ਪੇਚਕੱਸ, ਵਾਇਰ ਕੱਟਰ, ਟੈਸਟ ਪੈਨ, ਰੈਂਚ, ਚਾਬੀਆਂ ਆਦਿ ਦੀ ਨਕਲ ਤਿਆਰ ਕਰਕੇ ਬਹਿਲ ਇੰਡਸਟਰੀਜ਼ ਦੇ ਮਾਲਕ ਵੇਚਦੇ ਹਨ। ਇਸ ਨਾਲ ਜਿੱਥੇ ਉਨ੍ਹਾਂ ਦੀ ਕੰਪਨੀ ਤੇ ਸਰਕਾਰ ਨੂੰ ਆਰਥਿਕ ਤੌਰ ਉੱਤੇ ਵੱਡਾ ਘਾਟਾ ਪੈ ਰਿਹਾ ਹੈ ਅਤੇ ਗਾਹਕ ਨੂੰ ਵੀ ਵੱਧ ਖ਼ਰਚ ਕਰਨ ਦੇ ਬਾਵਜੂਦ ਮਿਆਰੀ ਸਾਮਾਨ ਨਹੀਂ ਮਿਲਦਾ। ਸ਼ਕਾਇਤ ਉੱਤੇ ਉਨ੍ਹਾਂ ਦੀ ਪੁਲਸ ਨੇ ਬਹਿਲ ਇੰਡਸਟਰੀਜ਼ ਉੱਤੇ ਛਾਪਾ ਮਾਰ ਕੇ ਬਰਾਮਦਗੀ ਕੀਤੀ ਹੈ।

## ਰੌਕ ਗਾਰਡਨ ਵਲੰਟੀਅਰਜ਼ ਐਸੋਸੀਏਸ਼ਨ ਦਾ ਸਫ਼ਲ ਟੂਰ



ਪਿਛਲੇ ਦਿਨੀਂ 18 ਜੂਨ ਨੂੰ ਰੌਕ ਗਾਰਡਨ ਵਲੰਟੀਅਰਜ਼ ਐਸੋਸੀਏਸ਼ਨ ਤੇ ਕੈਸਲਮੋਰ ਸੀਨੀਅਰਜ਼ ਕਲੱਬ ਬਰੈਂਪਟਨ ਨੇ ਕਸ਼ਮੀਰਾ ਸਿੰਘ ਦਿਓਲ ਅਤੇ ਜਰਨੈਲ ਸਿੰਘ ਚਾਨਾ ਦੀ ਅਗਵਾਈ ਵਿਚ ਟੂਰ ਲਗਾਇਆ। ਜਿਸ ਵਿੱਚ ਵੱਡੀ ਗਿਣਤੀ ਵਿੱਚ 2 ਬੱਸਾਂ ਵਿਚ 100 ਪੁਰਸ਼ ਅਤੇ ਬੀਬੀਆਂ ਸ਼ਾਮਲ ਸਨ। ਟੂਰ ਲਈ 10 ਵਜੇ ਰਵਾਨਾ ਹੋਏ ਸਾਰੇ ਮੈਂਬਰਾਂ ਨੂੰ ਸਨੈਕਸ ਅਤੇ ਜੂਸ ਵਰਤਾਇਆ ਗਿਆ। ਗਰੁੱਪ ਫੋਟੋ ਕਰਵਾਉਣ ਤੋਂ ਬਾਅਦ ਛੋਟੇ ਛੋਟੇ ਗਰੁੱਪਾਂ ਵਿੱਚ ਸਾਰੇ ਲੋਕ ਸ਼ੋਰ ਦੀ ਸੈਰ ਨੂੰ ਚੱਲ ਪਏ।

ਸਾਰਿਆਂ ਨੇ ਇੱਥੇ ਲੱਗੇ ਫੁਹਾਰਿਆਂ ਅਤੇ ਕੁਦਰਤੀ ਨਜ਼ਾਰਿਆਂ ਦਾ ਰੱਜ ਕੇ ਆਨੰਦ ਮਾਣਿਆ। ਜਿਸ ਤੋਂ ਬਾਅਦ ਗਰੁੱਪਾਂ ਵਿੱਚ ਬੈਠ ਕੇ ਹੀ ਦੁਪਹਿਰ ਦਾ ਖਾਣਾ ਖਾਧਾ ਗਿਆ। ਇਸ ਤੋਂ ਬਾਅਦ ਸ਼ਾਮ ਦੇ 4 ਵਜੇ ਘਰਾਂ ਦੀ ਵਾਪਸੀ ਕਰ ਲਈ ਗਈ। ਕਲੱਬ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੇ ਸਾਰੇ ਮੈਂਬਰਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਤੋਂ ਬਾਅਦ ਗੁਰਮੇਲ ਸਿੰਘ ਸੱਗੂ ਨੇ ਅਗਲੇ ਟੂਰ ਜੋ ਕਿ 17 ਜੁਲਾਈ ਨੂੰ ਹੈ, ਦੀ ਜਾਣਕਾਰੀ ਦਿੱਤੀ। ਹੋਰ ਜਾਣਕਾਰੀ ਲਈ ਕਸ਼ਮੀਰਾ ਸਿੰਘ ਦਿਓਲ ਨਾਲ 416-278-1442 ਅਤੇ ਜਰਨੈਲ ਸਿੰਘ ਚਾਨਾ ਨਾਲ 416-859-2676 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com

CANADIAN
GLASS AND WINDOW



# ਬਜ਼ੁਰਗ ਦੀ ਦੁਰਦਸ਼ਾ (ਜ਼ਿੰਦਗੀ ਦੇ ਆਖਰੀ ਪੜਾਅ ਵਿੱਚ ਬਜ਼ੁਰਗਾਂ ਦੀ ਦੁਰਦਸ਼ਾ ਕਿਵੇਂ ਦੂਰ ਕੀਤੀ ਜਾ ਸਕਦੀ ਹੈ)

ਵਿਜੈ ਗਰਗ



ਭਾਰਤੀ ਸਮਾਜ ਆਪਣੇ ਬਜ਼ੁਰਗਾਂ ਦੀ ਸੇਵਾ ਅਤੇ ਸਤਿਕਾਰ ਲਈ ਜਾਣਿਆ ਜਾਂਦਾ ਹੈ। ਜਿਨ੍ਹਾਂ ਤਿੰਨ ਕਰਜ਼ਿਆਂ ਦੀ ਅਦਾਇਗੀ ਕੀਤੇ ਬਿਨਾਂ ਜਾਰੀ ਨਾ ਹੋਣ ਦੀ ਗੱਲ ਕਹੀ ਗਈ ਹੈ, ਉਨ੍ਹਾਂ ਵਿੱਚੋਂ ਇੱਕ ਕਰਜ਼ਾ ਮਾਪਿਆਂ ਦਾ ਵੀ ਹੈ। ਭਾਵ ਬੁਢਾਪੇ ਵਿੱਚ ਪਾਲਣ ਪੋਸਣ ਵਾਲੇ ਮਾਤਾ-ਪਿਤਾ ਦੀ ਸੇਵਾ ਨੂੰ ਸਭ ਤੋਂ ਵੱਡਾ ਮੁੱਲ ਮੰਨਿਆ ਜਾਂਦਾ ਹੈ। ਪਰ ਲੱਗਦਾ ਹੈ, ਇਹ ਕਦਰਾਂ-ਕੀਮਤਾਂ ਸਾਕਾਰ ਹੋਣ ਜਾ ਰਹੀਆਂ ਹਨ। ਮਾਪਿਆਂ ਬਾਰੇ ਸ਼ਕਾਇਤਾਂ, ਆਪਣੇ ਬਜ਼ੁਰਗਾਂ ਦਾ ਨਿਰਾਦਰ, ਉਨ੍ਹਾਂ ਦੀ ਸਾਂਭ-ਸੰਭਾਲ ਦਾ ਸਹੀ ਧਿਆਨ ਨਾ ਰੱਖਣਾ, ਤੰਗ-ਪ੍ਰੇਸ਼ਾਨ ਕਰਨਾ ਆਦਿ ਦੀਆਂ ਸ਼ਕਾਇਤਾਂ ਸਮਾਜ ਵਿੱਚ ਕਈ ਵਾਰ ਸੁਣਨ ਨੂੰ ਮਿਲਦੀਆਂ ਹਨ, ਪਰ ਇਸ ਦਾ ਸਬੂਤ ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਤੋਂ ਵੀ ਮਿਲਦਾ ਹੈ। ਹੈਲਪ-ਏਜ ਇੰਡੀਆ ਸਰਵੇਖਣ ਦਰਸਾਉਂਦਾ ਹੈ ਕਿ 47 ਪ੍ਰਤੀਸ਼ਤ ਬਜ਼ੁਰਗ ਵਿੱਤੀ ਤੌਰ 'ਤੇ ਆਪਣੇ ਪਰਿਵਾਰਾਂ 'ਤੇ ਨਿਰਭਰ ਹਨ।

ਇਸ ਸਰਵੇਖਣ ਨੂੰ ਕਈ ਹਿੱਸਿਆਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ, ਜਿਸ ਵਿਚ ਗੰਭੀਰ ਪਹਿਲੂ ਇਹ ਹੈ ਕਿ ਬਜ਼ੁਰਗ ਪੈਨਸ਼ਨ ਅਤੇ ਜਮ੍ਹਾ ਪੂੰਜੀ ਦੀ ਘਾਟ ਕਾਰਨ ਆਪਣੇ ਪਰਿਵਾਰਕ ਮੈਂਬਰਾਂ 'ਤੇ ਨਿਰਭਰ ਹਨ। ਉਨ੍ਹਾਂ ਨੂੰ ਨਾ ਤਾਂ ਸਹੀ ਡਾਕਟਰੀ ਇਲਾਜ ਮਿਲਦਾ ਹੈ ਅਤੇ ਨਾ ਹੀ ਸਿਹਤ ਨਾਲ ਸਬੰਧਤ ਹੋਰ ਚੀਜ਼ਾਂ। ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਬਹੁਤ ਸਾਰੇ ਬਜ਼ੁਰਗ ਆਪਣੇ ਹੀ ਬੱਚਿਆਂ ਦੇ ਹੱਥੋਂ ਜ਼ਲੀਲ ਅਤੇ ਅਣਗੌਲੇ ਹੋ ਜਾਂਦੇ ਹਨ। ਮਨੁੱਖੀ ਨਜ਼ਰੀਏ ਤੋਂ ਇਸ ਹਾਲਤ ਨੂੰ ਸਿਹਤਮੰਦ ਸਮਾਜ ਦੀ ਨਿਸ਼ਾਨੀ ਨਹੀਂ ਕਿਹਾ ਜਾ ਸਕਦਾ।

ਅਜੀਬ ਗੱਲ ਹੈ ਕਿ ਜਿਹੜੇ ਮਾਂ-ਬਾਪ ਆਪਣੀ ਸਾਰੀ ਜ਼ਿੰਦਗੀ ਆਪਣੇ ਭਵਿੱਖ ਨੂੰ ਪਾਲਣ, ਪੜ੍ਹਾਉਣ, ਪਾਲਣ-ਪੋਸ਼ਣ ਵਿਚ ਲਗਾ ਦਿੰਦੇ ਹਨ, ਬੁਢਾਪੇ ਵਿਚ ਉਹੀ ਬੱਚੇ ਉਨ੍ਹਾਂ ਨੂੰ ਬੋਝ ਸਮਝਣ ਲੱਗ ਪੈਂਦੇ ਹਨ। ਸਾਡੇ ਆਪਣੇ ਸਮਾਜ ਦਾ ਸੱਚ ਇਹ ਵੀ ਹੈ ਕਿ ਬਹੁਤ ਸਾਰੇ ਬਜ਼ੁਰਗ ਵੱਡੇ ਸ਼ਹਿਰਾਂ ਦੇ ਬਿਰਧ ਆਸ਼ਰਮਾਂ ਵਿੱਚ ਰਹਿੰਦੇ ਹਨ। ਕਈ ਬਜ਼ੁਰਗ ਰੋਟੀ, ਪਾਣੀ, ਇਲਾਜ ਲਈ ਆਪਣੇ ਬੱਚਿਆਂ ਵੱਲ ਦੇਖਦੇ ਹਨ ਅਤੇ ਹਰ ਰੋਜ਼ ਉਨ੍ਹਾਂ ਦੀ ਝਿੜਕ ਝੱਲਦੇ ਹਨ। ਇਸ ਰੁਝਾਨ ਵਿਰੁੱਧ ਕਿੰਨਾ ਕੁਝ ਲਿਖਿਆ ਗਿਆ, ਕਿੰਨੀਆਂ ਫ਼ਿਲਮਾਂ ਬਣੀਆਂ, ਕਈ ਸਵੈ-ਸੇਵੀ ਸੰਸਥਾਵਾਂ ਇਸ ਸਮੱਸਿਆ ਨੂੰ ਦੂਰ ਕਰਨ ਲਈ ਯਤਨਸ਼ੀਲ ਹਨ ਪਰ ਅਸਲੀਅਤ ਇਹ ਹੈ ਕਿ ਬਜ਼ੁਰਗਾਂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ।

ਜਿਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਛੱਡ ਕੇ ਦੂਜੇ ਸ਼ਹਿਰਾਂ ਵਿਚ ਚਲੇ ਗਏ ਹਨ, ਉਨ੍ਹਾਂ ਦੀਆਂ ਆਰਥਿਕ ਅਤੇ ਭਾਵਨਾਤਮਕ ਸਮੱਸਿਆਵਾਂ ਵੱਖਰੀਆਂ ਹਨ, ਜੋ ਉਨ੍ਹਾਂ ਦੇ ਬੱਚਿਆਂ ਦੇ ਪਰਿਵਾਰ ਦਾ ਹਿੱਸਾ ਹਨ, ਉਨ੍ਹਾਂ ਨੂੰ ਵੀ ਸਨਮਾਨ ਨਹੀਂ ਮਿਲਦਾ। ਪਾਈ-ਪਾਈ ਲਈ ਬੱਚਿਆਂ 'ਤੇ ਨਿਰਭਰ ਕਰੋ. ਕਈ ਬਜ਼ੁਰਗ ਆਪਣੀ ਕਮਾਈ ਦਾ ਸਾਰਾ ਪੈਸਾ ਬੱਚਿਆਂ ਲਈ ਘਰ ਬਣਾਉਣ, ਉਨ੍ਹਾਂ ਦੀ ਪੜ੍ਹਾਈ, ਹੋਰ ਸੁੱਖ-ਸਹੂਲਤਾਂ ਆਦਿ 'ਤੇ ਖਰਚ ਕਰ ਚੁੱਕੇ ਹਨ ਅਤੇ ਸੇਵਾਮੁਕਤੀ ਤੋਂ ਬਾਅਦ ਖਾਲੀ ਹੱਥ ਹਨ। ਜੇ ਕੁਝ ਪੈਨਸ਼ਨ ਜਾਂ ਜਮ੍ਹਾਂ ਰਕਮ ਵੀ ਹੈ, ਤਾਂ ਇੱਜ਼ਤ ਨਾਲ ਜੀਉਣ ਦੇ ਯੋਗ ਨਹੀਂ ਹੈ।

ਉਂਜ ਸਰਕਾਰਾਂ ਬਜ਼ੁਰਗਾਂ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਮੈਡੀਕਲ ਆਦਿ ਦਾ ਪ੍ਰਬੰਧ ਕਰਦੀਆਂ ਹਨ। ਕੁਝ ਸਰਕਾਰਾਂ ਨੇ ਪੈਨਸ਼ਨ ਆਦਿ ਦੇ ਪ੍ਰਬੰਧ ਵੀ ਕੀਤੇ ਹਨ, ਪਰ ਇਹ ਸਭ ਇੰਨਾ ਨਾਕਾਫੀ ਹੈ ਕਿ ਉਨ੍ਹਾਂ ਦੀਆਂ ਮੁਸ਼ਕਿਲਾਂ ਦੂਰ ਨਹੀਂ ਹੁੰਦੀਆਂ। ਇਸ ਨਾਲ ਲੋਕਾਂ ਦੀ ਸਮਾਜਿਕ ਸੁਰੱਖਿਆ ਦਾ ਸਵਾਲ ਇਕ ਵਾਰ ਫਿਰ ਉਭਾਰਿਆ ਗਿਆ ਹੈ। ਹੁਣ ਤਾਂ ਸਰਕਾਰੀ ਨੌਕਰੀਆਂ ਵਿੱਚ ਵੀ ਪੈਨਸ਼ਨ ਦੀ ਸਹੂਲਤ ਨਹੀਂ ਹੈ, ਪ੍ਰਾਈਵੇਟ ਅਦਾਰਿਆਂ ਦਾ ਕੀ ਕਹਿਣਾ ਹੈ।

ਕਈ ਲੋਕ ਨੌਕਰੀ ਦੌਰਾਨ ਪ੍ਰਾਵੀਡੈਂਟ ਫੰਡ ਆਦਿ ਦੇ ਪੈਸੇ ਪਹਿਲਾਂ ਹੀ ਖਰਚ ਕਰ ਚੁੱਕੇ ਹਨ, ਜੋ ਬਚਿਆ ਹੈ, ਉਹ ਜੀਵਨ ਲਈ ਲਾਭਦਾਇਕ ਨਹੀਂ ਹੈ। ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲਿਆਂ ਨੂੰ ਵੀ ਇਸ ਲਈ ਕੋਈ ਸਮਰਥਨ ਨਹੀਂ ਹੈ। ਲੋਕਾਂ ਦੀ ਸਮਾਜਿਕ ਸੁਰੱਖਿਆ ਲਈ ਕਈ ਵਾਰ ਉਪਰਾਲੇ ਕਰਨ ਦੀ ਮੰਗ ਕੀਤੀ ਗਈ ਪਰ ਕਿਸੇ ਵੀ ਸਰਕਾਰ ਨੇ ਇਸ ਪਾਸੇ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ। ਆਉਣ ਵਾਲੇ ਸਮੇਂ ਵਿੱਚ ਵੀ ਸਰਕਾਰਾਂ ਤੋਂ ਸਮਾਜਿਕ ਸੁਰੱਖਿਆ ਦਾ ਚਿਹਰਾ ਨਜ਼ਰ ਨਹੀਂ ਆ ਰਿਹਾ। ਜੀਵਨ ਦੇ ਆਖਰੀ ਪੜਾਅ ਵਿੱਚ ਬਜ਼ੁਰਗਾਂ ਦੀ ਦੁਰਦਸ਼ਾ ਕਿਵੇਂ ਦੂਰ ਕੀਤੀ ਜਾ ਸਕਦੀ ਹੈ।


# ਸੁਰੀਲੀ ਅਵਾਜ਼ ਦੀ ਮਲਕਾ ਗਾਇਕਾ ਜੋਤ ਰਣਜੀਤ ਕੌਰ ਆਪਣੇ ਨਵੇਂ ਗੀਤ 'ਸੱਜਣਾਂ ਵੇ' ਨਾਲ ਚਰਚਾ 'ਚ

ਨੀਟਾ ਮਾਛੀਕੇ ਫਰਿਜ਼ਨੋ
(ਕੈਲੀਫੋਰਨੀਆ)

ਗਾਉਣਾ ਜਾ ਲਿਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ, ਇਹ ਪਰਮਾਤਮਾਂ ਵੱਲੋ ਮਿਲਿਆ ਉਹ ਤੋਹਫ਼ਾ ਹੈ, ਜੋ ਬੜੇ ਘੱਟ ਲੋਕਾਂ ਦੇ ਹੱਥ ਆਉਦਾ ਹੈ। ਗੀਤਕਾਰੀ ਓਹੀ ਕਾਰਗਰ ਹੁੰਦੀ ਹੈ, ਜੋ ਸ੍ਰੋਤੇ ਤੇ ਛਾਪ ਛੱਡ ਜਾਵੇ। ਗਾਇਕ ਓਹੀ ਸਫਲ ਮੰਨਿਆ ਜਾਂਦਾ ਜੀਹਦੀ ਅਵਾਜ਼ ਵਿੱਚ ਕਸ਼ਸ਼ ਹੋਵੇ। ਮਿਊਜਕ ਓਹੀ ਅਨੰਦਮਈ ਹੁੰਦਾ ਜੋ ਤੁਹਾਨੂੰ ਕਿਸੇ ਵਿਸਮਾਦ ਵਿੱਚ ਲੈ ਜਾਵੇ। ਵੀਡੀਓ ਓਹੀ ਪ੍ਰਵਾਨ ਚੜਦੀ ਜਿਹੜੀ ਥੋੜੇ ਸਮੇਂ ਵਿੱਚ ਵੱਡਾ ਮੈਸਿਜ ਦੇ ਜਾਵੇ। ਜੀ ਹਾਂ, ਪਿਛਲੇ ਦਿਨੀ ਕੁਝ ਅਜਿਹੇ ਗੁਣਾ ਨਾਲ ਭਰਪੂਰ ਗੀਤ 'ਸੱਜਣਾਂ ਵੇ' ਯੂ-ਟੂਬ ਤੇ ਸੁਣਨ ਨੂੰ ਮਿ-ਲਆ, ਇਸ ਗੀਤ ਨੂੰ ਲਿਖਿਆ ਅਤੇ ਗਾਇਆ ਹੈ ਫਰਿਜ਼ਨੋ ਨਿਵਾਸੀ ਗਾਇਕਾ ਅਤੇ ਹੋਸਟ ਜੋਤ ਰਣਜੀਤ ਕੌਰ ਨੇ।

ਇਸ ਗੀਤ ਦਾ ਕੰਨਾਂ ਵਿੱਚ ਰਸ ਘੋਲਦਾ ਮਿਊਜ਼ਕਿ ਜੱਸੀ ਬ੍ਰਦ੍ਰਜ਼ ਵੱਲੋ ਦਿੱਤਾ ਗਿਆ ਹੈ। ਇਸ ਗੀਤ ਦੇ ਬੋਲਾਂ ਤੇ ਖਰੀ ਉਤਰਦੀ ਵੀਡੀਓਗ੍ਰਾਫੀ ਜੱਸੀ ਧਨੋਆ ਨੇ ਰੂਹ ਲਾਕੇ ਕੀਤੀ ਹੈ। ਇਸ ਗੀਤ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਜ਼ੈਂਡਰ ਮੌਰਗਿਜ਼ ਵਾਲੇ ਮੋਹਨ ਚੀਮਾ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਗੀਤ ਨੂੰ ਸਪੀਡ ਰੈਕਰਡ ਵੱਲੋ ਵੱਡੇ ਪੱਧਰ ਤੇ ਰਲੀਜ਼ ਕੀਤਾ ਗਿਆ ਹੈ। ਇਸ ਗੀਤ ਨੂੰ ਜੋਤ ਰਣਜੀਤ ਕੌਰ ਨੇ ਜਿੰਨਾ ਵਧੀਆ ਲਿਖਿਆ, ਉਸ ਤੋ ਕਿਤੇ ਵਧੀਆ ਗਾਇਆ ਹੈ। ਇਹ ਗੀਤ ਦੋ ਰੂਹਾਂ ਦੇ ਪਿਆਰ ਦੇ ਇਜ਼ਹਾਰ ਦੀ ਕਹਾਣੀ ਹੈ। ਇਹ ਗੀਤ ਵਿਛੋੜੇ ਦੇ ਦਰਦ ਦੀ ਬਾਤ ਪਾਉਦਾ, ਬਿਰਹੋਂ ਵਿੱਚ ਗੜੁੱਚ ਸ਼ਾਇਰੀ ਦਾ ਸਿੱਖਰ ਹੈ।

ਇਸ ਗੀਤ ਨੂੰ ਵਾਰ ਵਾਰ ਸੁਣਨ ਨੂੰ ਦਿਲ ਕਰਦਾ 'ਤੇ ਇਹ ਗੀਤ ਸੁਣਕੇ ਮਨ ਨੂੰ ਸਕੂਨ ਮਿਲਦਾ ਹੈ। ਅਦਾਕਾਰੀ ਪੱਖੋਂ ਗੁੰਨ੍ਹਿਆਂ ਗੀਤ ਹਰ ਪੱਖ ਤੋ ਸੰਪੂਰਨ ਨਜ਼ਰ ਆਉਦਾ ਹੈ। ਜੋਤ ਰਣਜੀਤ ਕੌਰ ਨੇ ਸੰਗੀਤ ਦੀ ਉਚੇਚੀ ਵਿੱਦਿਆ ਉਸਤਾਦ ਅਲੀ ਅਕਬਰ ਜੀ (ਮੁਹੰਮਦ ਸਾਦਿਕ ਦੇ ਭਤੀਜੇ) ਅਤੇ ਅਰਵਿੰਦਰ ਰੈਨਾ ਕੋਲੋ ਬਕਾਇਦਾ ਤੌਰ ਤੇ ਲਈ, ਸ਼ਾਇਦ ਇਸੇ ਕਰਕੇ ਜੋਤ ਰਣਜੀਤ ਕੌਰ ਨੂੰ ਸੁਰ-ਤਾਲ ਦਾ ਖ਼ੂਬ ਗਿਆਨ ਹੈ। ਜੋਤ ਰਣਜੀਤ ਕੌਰ ਜਦੋਂ ਕਿਸੇ ਵਜ਼ਦ ਵਿੱਚ ਆਕੇ ਗਾਉਂਦੀ ਹੈ 'ਤਾਂ ਜਿਵੇਂ ਸਮਾਂ ਰੁੱਕ ਜਾਂਦਾ ਹੈ। ਮਿਲਾਪੜੇ ਸੁਭਾਅ ਦੀ ਕੋਮਲ ਜਿਹੀ ਕੁੜੀ ਜਦੋਂ ਮਾਇਕ ਤੇ ਖੜਕੇ ਬੋਲਦੀ ਹੈ 'ਤਾਂ ਪਤਾ ਲਗਦਾ ਕਿ




ਲਿਟਰੇਚਰ ਨਾਲ ਗੂੜਾ ਨਾਤਾ ਰੱਖਦੀ ਹੈ। ਢੱਡ ਫੜਕੇ ਜਦੋ ਢਾਡੀ ਕਲਾ ਦਾ ਰੰਗ ਵਿਖੇਰਦੀ ਹੈ 'ਤਾਂ ਸ੍ਰੋਤੇ ਅੱਸ਼ ਅੱਸ਼ ਕਰ ਉੱਠਦੇ ਨੇ।

ਜੋਤ ਰਣਜੀਤ ਕੌਰ 2014 ਵਿੱਚ ਅਮਰੀਕਾ ਆਈ, ਓਦੋਂ ਤੋ ਲੈਕੇ ਹੁਣ ਤੱਕ ਜਿੱਥੇ ਉਸਨੇ ਵੱਖੋ-ਵੱਖ ਰੇਡੀਓ ਸਟੇਸ਼ਨਾਂ ਤੋਂ ਆਪਣੀ ਅਵਾਜ਼ ਨਾਲ ਸੇਵਾ ਕੀਤੀ, ਓਥੇ ਵੱਡੇ ਵੱਡੇ ਸ਼ੋਅ ਹੋਸਟ ਕਰਨ ਦਾ ਮਾਣ ਵੀ ਜੋਤ ਰਣਜੀਤ ਕੌਰ ਨੂੰ ਜਾਂਦਾ ਹੈ। ਜੋਤ ਰਣਜੀਤ ਕੌਰ ਦਾ ਪੰਜਾਬ ਵਿੱਚ ਪਿੰਡ ਤਲਵੰਡੀ ਭਾਈ ਜਿਲਾ ਫਿਰੋਜ਼ਪੁਰ ਵਿੱਚ ਪੈਂਦਾ ਹੈ। ਜੋਤ ਰਣਜੀਤ ਦਾ ਪਹਿਲਾ ਸੋਲੋ ਗੀਤ "ਸੁੱਖੇ ਜਿੰਦੇ ਦੀ ਘੋੜੀ" ਕਈ ਸਾਲ ਪਹਿਲਾ ਮਾਰਕੀਟ ਵਿੱਚ ਆਇਆ ਸੀ, ਜਿਸਨੂੰ ਸ੍ਰੋਤਿਆਂ ਵੱਲੋ ਬਹੁਤ ਪਿਆਰ ਮਿਲਿਆ । ਉਸਤੋਂ ਬਾਅਦ ਉਹਨਾਂ ਦਾ ਗੀਤਕਾਰ ਮੰਗਲ ਹਠੂਰ ਦਾ ਲਿਖਿਆ ਡਿਊਟ ਗੀਤ "ਫੋਟੋ ਖਿੱਚ ਮਾਹੀਆ" ਗਾਇਕ ਧਰਮਵੀਰ ਥਾਂਦੀ ਨਾਲ ਗਾਇਆ, ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਿਆ, ਜਿਸਨੂੰ ਡੀਜੇ ਤੇ ਲੋਕਾਂ ਵੱਲੋ ਭਰਪੂਰ ਹੁੰਗਾਰਾ ਮਿਲਿਆ । ਆਉਣ ਵਾਲੇ ਸਮੇਂ ਵਿੱਚ ਜੋਤ ਰਣਜੀਤ ਕੌਰ ਦੇ ਹੋਰ ਵੀ ਬਹੁਤ ਸਾਰੇ ਗੀਤ ਮਾਰਕੀਟ ਵਿੱਚ ਆ ਰਹੇ ਹਨ। ਆਸ ਕਰਦੇ ਹਾਂ ਉਹ ਵੀ ਕੰਨ ਖਾਊ ਮਿਊਜ਼ਕਿ ਤੋ ਹਟਕੇ, ਮਿਆਰੀ 'ਤੇ ਰੂਹ ਨੂੰ ਸਕੂਨ ਦੇਣ ਵਾਲੇ ਹੋਣਗੇ।

ਜੋਤ ਰਣਜੀਤ ਕੌਰ ਦੀ ਸ਼ਾਇਰੀ ਦਾ ਕੁਝ ਕੁ ਰੰਗ ਉਸਦੀਆਂ ਕਵਿਤਾਵਾਂ ਜ਼ਰੀਏ ਤੁਹਾਡੇ ਰੂਬਰੂ ਕਰ ਰਿਹਾ ਹਾਂ....

ਉਹ ਕਹਿੰਦੇ ਬਹਿਰ ਨੂੰ ਵੀ ਵੇਖਿਆ ਕਰ ,ਲਿਖਣ ਤੋ ਪਹਿਲਾਂ
ਮੈ ਪੁੱਛਿਆ...ਸੋਚਿਆ ਸੀ ਇੱਕ ਦੂਜੇ ਨੂੰ
ਮਿਲਣ ਤੋ ਪਹਿਲਾ ?
ਮੈਂ ਕੁਝ ਕੁ ਗੀਤ ਲਿਖੇ ਸੀ. ਉਹਦੇ ਤੁਰ ਜਾਣ ਦੇ ਮਗਰੋ
ਇਹਨਾਂ ਦੀ ਧੁਨ ਬਣਾ ਲਈਏ..ਓਹਦੇ ਮੁੜ ਆਉਣ ਤੋ ਪਹਿਲਾਂ
ਤਿੰਨਾ ਪੁਤਰਾਂ ਦੀ ਮਾਂ ਕਹਿੰਦੀ ਸੁਣੀ ਸੀ
ਆਸ਼ਰਮ ਦੇ ਵਿੱਚ
ਦੁਪੱਟਾ ਵੀ ਜ਼ਰੂਰੀ ਸੀ..ਕਿ ਇੱਕ ਦਸਤਾਰ ਤੋ ਪਹਿਲਾਂ
ਕਹਿੰਦੇ ਭੱਜ ਦੌੜ ਦਿਨ ਭਰ ਦੀ..ਗਮਾਂ ਨੂੰ ਤੋੜ ਦਿੰਦੀ ਏ
ਖਬਰ ਮਾੜੀ ਜੇ ਆਉਣੀ ਏ..ਤਾਂ ਆਵੇ ਰਾਤ ਤੋ ਪਹਿਲਾਂ..!

ਕਦੇ ਉਹ ਛੋਟੇ ਬਹਿਰ ਵਿੱਚ ਵੱਡਾ ਸੁਨੇਹਾ ਦਿੰਦੀ ਕੁਝ ਏਦਾਂ ਵੀ ਆਖ ਜਾਂਦੀ ਏ....

*ਆਜਾ ਬਹਿਕੇ ਗੱਲ ਕਰ ਲਈਏ*
*ਵਿਗੜੇ ਮਸਲੇ ਹੱਲ ਕਰ ਲਈਏ*
*ਕੱਲ ਕੱਲ ਕਰਦੇ ਦੇਰ ਨਾ ਹੋਜੇ*
*ਚੱਲ ਇਹਨੂੰ ਅੱਜਕੱਲ ਕਰ ਲਈਏ..!*


ਕਦੇ ਉਹ ਸ਼ਾਇਰੀ ਦੇ ਤੀਰ ਛੱਡਦੀ, ਪਿਆਰ ਮੁਹੱਬਤ ਦੀ ਬਾਤ ਪਾਉਂਦੀ, ਰੂਹਾਂ ਦੇ ਰਿਸ਼ਤੇ ਦੀ ਗੱਲ ਕਰਦੀ ਹੈ....

*ਮੇਰੀ ਹਰ ਅਧੂਰੀ ਗਜ਼ਲ ਤੇ*
*ਨਜ਼ਰਾਂ ਇਲਾਹੀ ਪੈ ਗਈਆਂ*
*ਅੱਖਰ ਮੁਹੱਬਤ ਬਣ ਗਏ*
*ਬਹਿਰਾਂ ਇਬਾਦਤ ਹੋ ਗਈਆਂ*
*ਤੇਰਾ ਹੁਨਰ.. ਮੇਰਾ ਇਲਮ*
*ਇੱਕ ਨੂਰ ਹੋ ਜਾਣਾ ਕਦੇ*
*ਸਤਰਾਂ ਮੁਕੱਦਸ ਹੋ ਗਈਆਂ*
*ਨਜ਼ਮਾਂ ਨਾਂ.. ਨਜ਼ਮਾਂ ਰਹਿ ਗਈਆਂ..!*

ਅਖੀਰ ਵਿੱਚ ਇਹੀ ਕਹਿਣਾ ਚਾਵਾਂਗਾ ਕਿ ਚੰਗੀ ਸ਼ਾਇਰੀ, ਚੰਗੇ ਗੀਤਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ। ਮਿਆਰੀ ਗੀਤਾਂ ਨੂੰ ਹੁੰਗਾਰਾ ਦੇਣਾ ਚਾਹੀਦਾ, ਤਾਂਹੀ ਜੋਤ ਰਣਜੀਤ ਕੌਰ ਵਰਗੀਆਂ ਕਲਮਾਂ ਅਤੇ ਅਵਾਜ਼ਾਂ ਅੱਜ ਦੀ ਕਾਂਵਾਂ-ਰੌਲ਼ੀ ਵਿੱਚ ਵੱਖਰਾ ਹੋਕਾ ਦਿੰਦੀਆਂ ਰਹਿ ਸਕਣਗੀਆਂ। ਸਾਡੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋ ਜੋਤ ਰਣਜੀਤ ਕੌਰ ਲਈ ਸ਼ੁੱਭਇੱਛਾਵਾਂ।

# ਸੰਗੀਤ ਸੰਸਾਰ ਦੀਆਂ ਅਭੁੱਲ ਯਾਦਾਂ

ਨਿੰਦਰ ਘੁਗਿਆਣਵੀ




ਡਾਇਰੀ ਦਾ ਪੰਨਾ -

2015 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਕ ਕਿਤਾਬ ਲਿਖਵਾਈ ਸੀ,ਜਿਹਦਾ ਟਾਇਟਲ ਤੁਸੀਂ ਦੇਖ ਰਹੇ ਹੋ(ਸੰਗੀਤ ਸੰਸਾਰ ਦੀਆਂ ਅਭੁੱਲ ਯਾਦਾਂ)। ਬੜੀ ਮੇਹਨਤ ਨਾਲ ਇਹ ਕਿਤਾਬ ਤਿਆਰ ਕੀਤੀ। ਦੁਰਲੱਭ ਫੋਟੋਆਂ ਲੱਭ ਲੱਭ ਲਿਆਇਆ। ਇਹ ਕਿਤਾਬ ਪੰਜਾਬ ਦੇ ਲੋਕ ਸੰਗੀਤ ਨਾਲ ਨੇੜਿਓਂ ਜੁੜੀ ਹੋਈ ਹੈ ਪਰ ਅਫਸੋਸ ਦੀ ਗੱਲ ਹੈ ਕਿ ਨਾ ਗਾਉਣ ਵਾਲਿਆਂ, ਨਾ ਗੀਤ ਬਣਾਉਣ ਵਾਲਿਆਂ ਤੇ ਨਾ ਧੁਨਾਂ ਸਿਰਜਣ ਵਾਲਿਆਂ ਨੇ ਇਸ ਕਿਤਾਬ ਦੇ ਦੀਦਾਰ ਹੀ ਨਹੀਂ ਕੀਤੇ, ਜਿੰਨਾ ਦੇ ਖੇਤਰ ਨਾਲ ਸਬੰਧਤ ਸਮੱਗਰੀ ਇਸ ਕਿਤਾਬ ਵਿਚ 'ਕੱਠੀ ਕਰਕੇ ਪਰੋਸੀ ਸੀ।

ਇਸ ਕਿਤਾਬ ਦੇ ਕਿਸੇ ਪੰਨੇ ਉਤੇ ਬੀਬੀ ਨੂਰਾਂ ਗਾ ਰਹੀ ਹੈ: ਕੁੱਲੀ ਰਾਹ ਵਿਚ ਪਾਈ ਅਸਾਂ ਤੇਰੇ, ਵੇ ਆਉਂਦਾ ਜਾਂਦਾ ਤੱਕਦਾ ਰਹੀਂ, ਕਿਤੇ ਬਾਬਾ ਮਿਲਖੀ ਰਾਮ ਹੇਕ ਲਾ ਰਿਹਾ: ਉਡੀ ਉਡੀ ਜਾ ਢੋਲ ਦਿਆ ਤੋਤਿਆ, ਕਿਤੇ ਰੇਸ਼ਮਾ ਕੂਕ ਰਹੀ: ਉਠ ਗਏ ਗੁਆਂਢੋ ਯਾਰ ਰੱਬਾ ਹੁਣ ਕੀ ਕਰੀਏ, ਬੀਬਾ ਦੇ ਬੋਲ ਗੂੰਜ ਰਹੇ: ਆਹ ਲੈ ਮਾਏਂ ਸਾਂਭ ਕੁੰਜੀਆਂ,ਧੀਆਂ ਕਰ ਚੱਲੀਆਂ ਸਰਦਾਰੀ, ਕਿਸੇ ਪੰਨੇ ਉਤੇ ਚੰਦਰ ਕਾਂਤਾ ਕਪੂਰ ਕਾਂ ਨੂੰ ਸੁਣਾ ਰਹੀ: ਉਡਦਾ ਤੇ ਜਾਵੀਂ ਕਾਵਾਂ,ਬਹਿੰਦੜਾ ਜਾਵੀਂ ਮੇਰੇ ਪੇਕੜੇ, ਸੁਰਿੰਦਰ ਕੌਰ ਮਧਾਣੀਆਂ ਗਾ ਰਹੀ। ਮਾਣਕ ਮਾਂ ਦਾ ਗੀਤ ਛੋਹੀ ਬੈਠਾ ਤੇ ਛਿੰਦਾ ਜਿਊਣਾ ਮੌੜ । ਕਿਤੇ ਹਸਨਪੁਰੀ ਤੇ ਦੇਵ ਥਰੀਕੇ ਵਾਲਾ ਬਾਤਾਂ ਪਾ ਰਹੇ ਨੇ, ਕਿਤੇ ਸਨਮੁਖ ਸਿੰਘ ਅਜਾਦ ਤੇ ਬਾਬੂ ਸਿੰਘ ਮਾਨ ਬੈਠੇ ਨੇ।

ਕਿਧਰੇ ਜਸੋਵਾਲ ਬਾਪੂ ਭੱਜਿਆ ਫਿਰਦਾ ਮੋਹਨ ਸਿੰਘ ਮੇਲੇ 'ਚ ਤੇ ਪਿਛੇ ਪਿਛੇ ਪ੍ਰਗਟ ਗਰੇਵਾਲ ਤੇ ਗੁਰਭਜਨ ਗਿੱਲ, ਤੇ ਨਾਲ ਨਾਲ ਨਿਰਮਲ ਜੌੜਾ ਵੀ ਸੀਟੀਆਂ ਮਾਰਦਾ ਫਿਰਦਾ। ਇਕ ਥਾਂ ਪਾਤਰ ਸਾਹਿਬ ਤੇ ਮਾਣਕ ਗਲੱਵਕੜੀ ਪਾਈ ਖੜੇ ਨੇ। ਗਾਰਗੀ ਉਸਤਾਦ ਬੜੇ ਗੁਲਾਮ ਅਲੀ ਖਾਂ ਵੱਲ ਵੇਖ ਵੇਖ ਮੁਸਕਰਾ ਰਿਹਾ। ਸੋਹਣ ਸਿੰਘ ਸ਼ੀਤਲ ਤੇ ਉਸਤਾਦ ਯਮਲਾ ਜੀ ਦੁਖ ਸੁਖ ਫੋਲ ਰਹੇ ਨੇ। ਕਿਤੇ ਉਸਤਾਦ ਦੀ ਆਲਮ ਲੋਹਾਰ ਨਾਲ ਜੱਫੀ ਹੈ। ਕਿਤੇ ਪੰਡਤ ਨਹਿਰੂ ਤੇ ਕੈਰੋਂ ਨਾਲ ਉਸਤਾਦ ਕਿਸੇ ਮਹਿਫਿਲ ਵਿਚ ਫੱਬ ਰਿਹੈ।ਪੂਰਨ ਸ਼ਾਹਕੋਟੀ ਤੇ ਬੇਬੇ ਮਥਰੋ ਧੁੱਪ ਸੇਕ ਰਹੇ ਰਹੇ ਕੋਠੇ ਉਤੇ ਗਦੈਲਾ ਵਿਛਾਕੇ।


ਬਾਬਾ ਜਸੋਵਾਲ ਜਗਤ ਸਿੰਘ ਜੱਗਾ ਦੇ ਮੂੰਹ 'ਚ ਲੱਡੂ ਪਾ ਰਿਹੈ । ਜਸਦੇਵ ਯਮਲਾ ਆਪਣੇ ਪਿਤਾ ਦੇ ਚੇਲਿਆਂ ਵਿਚ ਘਿਰਿਆ ਹੋਇਆ ਖੜਾ ਸ਼ੰਮਲਾ ਛੱਡਕੇ ਚਿੱਟੀ ਪਗੜੀ ਦਾ ਡੇਰਾ ਬਾਬਾ ਨਾਨਕ ਲਾਗੇ ਕਿਸੇ ਪਿੰਡ ਵਿਚ। ਕਿਧਰੇ ਪੰਮੀ ਬਾਈ ਲੁੱਡੀਆਂ ਪਾਉਂਦਾ ਫਿਰਦੈ। ਰਾਮੂਵਾਲੀਏ ਭਰਾ ਆਪਣੇ ਬਾਪੂ ਪਾਰਸ ਦੀ ਕਵੀਸ਼ਰੀ ਅਲਾਪ ਰਹੇ ਨੇ: ਜਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ। ਚਾਂਦੀ ਰਾਮ ਤੇ ਸ਼ਾਂਤੀ ਦੇਵੀ ਦਾ ਅਖਾੜਾ ਲੱਗਿਆ ਹੋਇਆ ਸ਼ੇਰ ਸਿੰਘ ਵਾਲੇ ਪਿੰਡ: ਲੈਜਾ ਛੱਲੀਆਂ ਭੁੰਨਾ ਲਈਂ ਦਾਣੇ ਵੇ ਮਿੱਤਰਾ ਦੂਰ ਦਿਆ। ਅਮਰਜੀਤ ਗੁਰਦਾਸਪੁਰੀ ਤੇ ਪਰਤਾਪ ਸਿੰਘ ਕੈਰੋਂ ਦੀ ਘੈਂਸ ਘੈਂਸ ਹੋ ਰਹੀ। ਹਰਚਰਨ ਗਰੇਵਾਲ ਦੀ ਖਾਮੋਸ਼ੀ ਦੇਖਣ ਵਾਲੀ ਹੈ। ਬੇਲੀ ਰਾਮ ਦੇ ਅਲਗੋਜਿਆਂ ਦੀ ਗੂੰਜਾਰ ਵਾਹਗਿਓਂ ਪਾਰ ਪੈ ਰਹੀ। ਚਮਕੀਲੇ ਤੇ ਅਮਰਜੋਤ ਦੀਆਂ ਲਾਸ਼ਾਂ ਦੁਆਲੇ ਰੋਣ ਕੁਰਲਾਉਣ ਹੈ।

ਦਿਲਸ਼ਾਦ ਅਖਤਰ ਆਖ ਰਿਹਾ: ਸਾਨੂੰ ਪਰਦੇਸੀਆਂ ਨੂੰ ਯਾਦ ਕਰਕੇ ਨੀਂ ਕਾਹਨੂੰ ਅੱਥਰੂ ਵਹਾਉਂਦੀ। ਇਕ ਪੰਨੇ ਉਤੇ ਧਰਮ ਕੰਮੇਆਣਾ ਲਿਖ ਰਿਹਾ: ਪਹਿਲਾਂ ਯਾਰ ਦੀ ਕੁਲੀ ਨੂੰ ਅੱਗ ਲਾਦੇ, ਹੱਥਾਂ ਨੂੰ ਮਹਿੰਦੀ ਫੇਰ ਲਾ ਲਵੀਂ। ਖੈਰ! ਪਤਾ ਨਹੀਂ, ਏਹ ਕਿਤਾਬ ਯੂਨੀਵਰਸਿਟੀ ਵਿਚੋਂ ਬਾਹਰ ਕਿਓਂ ਨਹੀਂ ਨਿਕਲੀ? ਵੈਸੇ ਪਹਿਲਾ ਐਡੀਸ਼ਨ ਮੁਕ ਚੁੱਕਾ ਦਸਦੇ ਨੇ। ਹੋ ਸਕਦੈ ਕਿ ਸੰਗੀਤ ਦੇ ਵਿਦਿਆਰਥੀਆਂ-ਖੋਜਾਰਥੀਆਂ ਨੇ ਖਰੀਦ ਕਰ ਲਈ ਹੋਵੇ ਏਹਦੀ। ਹੁਣ ਹੋਰ ਨਹੀ ਲਿਖ ਹੁੰਦਾ। ਜੇ ਕਿਸੇ ਨੂੰ ਪੜਨ ਦੀ ਚਾਹਤ ਹੋਵੇ, ਆਟਮ ਆਰਟ ਵਾਲਿਆਂ ਤੋਂ ਮੰਗਵਾ ਸਕਦੇ ਹੋ, ਕੋਰੀਅਰ ਤੇ ਡਾਕ ਰਾਹੀਂ ਘਰੇ ਘੱਲ ਦੇਣਗੇ। ਆਪਣਾ ਐਡਰੈੱਸ ਤੇ ਫੋਨ ਨੰਬਰ ਪਰੀਤੀ ਸ਼ੈਲੀ ਦੇ ਇਸ ਫੋਨ -- 9115872450-ਉਤੇ ਲਿਖ ਭੇਜੋ, ਵਿਚੇ ਡਾਕ ਖਰਚਾ ਪਾਕੇ ਤਿੰਨ ਸੌ ਵੀਹ ਰੁਪਏ ਲੱਗਣਗੇ।



# ਅਗਨੀਪਥ ਅਤੇ ਅਗਨੀਵੀਰ ਵਾਲਾ ਫੈਸਲਾ ਲੋਕਾਂ ਲਈ ਚੰਗਾ ਨਹੀਂ ਤਾਂ ਵੇਲੇ ਸਿਰ ਵਾਪਸ ਲੈ ਲੈਣਾ ਚਾਹੀਦੈ





ਜਤਿੰਦਰ ਪੰਨੂ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਸਭ ਤੋਂ ਵੱਡੇ ਧਾਰਮਿਕ ਭਾਈਚਾਰੇ ਦੇ ਲੋਕਾਂ ਦਾ ਹੀਰੋ ਮੰਨਿਆ ਜਾਣ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਇਸ ਵੇਲੇ ਕਿਸੇ ਤਰ੍ਹਾਂ ਦੀ ਕੋਈ ਚੁਣੌਤੀ ਨਹੀਂ। ਚੁਣੌਤੀ ਸਾਹਮਣੇ ਨਾ ਹੋਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਉਹਦੇ ਮੂਹਰੇ ਵਿਰੋਧੀ ਧਿਰ ਨਾ ਹੋਇਆਂ ਵਰਗੀ ਹੈਅਤੇ ਇਸ ਵਿਰੋਧੀ ਧਿਰ ਦੀ ਮੋਹਰੀ ਪਾਰਟੀ ਮਰਨਾਊ ਪਈ ਹੋਈ ਹੈ ਤਾਂ ਚੁਣੌਤੀ ਹੋ ਵੀ ਨਹੀਂ ਸਕਦੀ। ਇਸ ਪੱਖ ਤੋਂ ਨਰਿੰਦਰ ਮੋਦੀ ਸਿਰਹਾਣੇ ਬਾਂਹ ਦੇ ਕੇ ਵੀ ਸੁੱਤਾ ਰਹੇ ਤਾਂ ਉਸ ਦਾ ਰਾਜ ਚੱਲੀ ਜਾਵੇਗਾ ਤੇ ਇਸ ਨੂੰ ਚਲਾਉਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਤੇ ਇਹੋ ਜਿਹੀ ਹੈ ਕਿ ਉਹ ਕੋਈ ਮਿਹਨਤਾਨਾ ਵੀ ਨਹੀਂ ਮੰਗਦੇ, ਸਿਰਫ ਨਜ਼ਰ ਸਵੱਲੀ ਰੱਖਣ ਦੀ ਆਸ ਨੂੰ ਸਭ ਤੋਂ ਵੱਡਾ ਮਿਹਨਤਾਨਾ ਮੰਨ ਸਕਦੇ ਹਨ।ਭਾਰਤਵਿੱਚ ਲੰਮਾ ਸਮਾਂ ਰਾਜ ਕਰ ਚੁੱਕੀਆਂ ਵੱਖ-ਵੱਖ ਸਰਕਾਰਾਂ ਦੌਰਾਨ ਦੇਸ਼ ਨੂੰ ਚਲਾਉਣ ਅਤੇਦੁਨੀਆ ਤੱਕ ਦਾ ਤਜਰਬਾ ਹਾਸਲ ਕਰ ਚੁੱਕੇ ਰਿਟਾਇਰਡ ਅਫਸਰਾਂ ਦੀ ਫੌਜ ਉਸ ਕੋਲ ਚੋਖੀ ਤਕੜੀ ਹੈ ਅਤੇ ਅੱਗੋਂ ਰਿਟਾਇਰ ਹੋਣ ਵਾਲਿਆਂ ਵਿੱਚ ਵੀ ਇਸ ਗੱਲ ਦੀ ਹੋੜ ਲੱਗੀ ਦਿੱਸਦੀ ਹੈ ਕਿ ਦੂਜਿਆਂ ਤੋਂ ਪਹਿਲਾਂ ਇਸ ਦਰਬਾਰ ਵਿੱਚ ਖਿਦਮਤ ਦਾ ਮੌਕਾ ਹਾਸਲ ਕੀਤਾ ਜਾਵੇ। ਇਸ ਲਈ ਸਰਕਾਰ ਨੂੰ ਕੋਈ ਚੁਣੌਤੀ ਨਹੀਂ।

ਜਦੋਂ ਭਾਰਤ ਦੀ ਅਜੋਕੀ ਸਰਕਾਰ ਨੂੰ ਤੇ ਇਸ ਦੇ ਆਗੂ ਦੀ ਅਗਵਾਈ ਨੂੰ ਕੋਈ ਖਾਸ ਖਤਰਾ ਹੀ ਨਹੀਂ, ਏਦਾਂ ਦੇ ਸੁਖਾਵੇਂ ਸਮੇਂ ਵਿੱਚ ਵੀ ਇਹ ਸਰਕਾਰ ਇੱਕ ਪਿੱਛੋਂ ਦੂਸਰੇ ਇਹੋ ਜਿਹੇ ਕਦਮ ਚੁੱਕਦੀ ਪਈ ਹੈ, ਜਿਹੜੇ ਭਾਰਤ ਦੇ ਲੋਕਾਂ ਦੇ ਵੱਡੇ ਹਿੱਸੇ ਨੂੰ ਸਹੀ ਨਹੀਂ ਜਾਪਦੇ। ਇਨ੍ਹਾਂ ਵਿੱਚੋਂ ਹੀ ਇੱਕ ਕਦਮ ਖੇਤੀ ਖੇਤਰ ਵਾਲੇ ਤਿੰਨ ਬਿੱਲ ਧੱਕੇ ਨਾਲ ਪਾਸ ਕਰ ਕੇ ਲਾਗੂ ਕਰਵਾਉਣ ਦਾ ਸੀ, ਜਿਸ ਦਾ ਏਨਾ ਤਿੱਖਾ ਵਿਰੋਧ ਹੋਇਆ ਕਿ ਸਵਾ ਸਾਲ ਤੋਂ ਵੱਧ ਸਮਾਂ ਕਿਸਾਨ ਭਾਈਚਾਰੇ ਦੇ ਸਿਰੜੀ ਸੰਘਰਸ਼ ਤੋਂ ਬਾਅਦ ਆਖਰ ਉਹ ਤਿੰਨੇ ਬਿੱਲ ਰੱਦ ਕਰਨ ਦਾ ਮਤਾ ਓਸੇ ਪਾਰਲੀਮੈਂਟ ਤੋਂ ਪਾਸ ਕਰਵਾਉਣ ਦੀ ਨੌਬਤ ਆ ਗਈ, ਜਿਸ ਤੋਂ ਪਾਸ ਕਰਵਾ ਕੇ ਲਾਗੂ ਕਰਨੇ ਚਾਹੇ ਸਨ। ਓਦੋਂ ਤੱਕ ਇਹ ਕਿਹਾ ਜਾਂਦਾ ਸੀ ਕਿ ਦੇਸ਼ ਦੀ ਵਾਗ ਉਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਵਿੱਚ ਹੈ, ਜਿਸ ਦਾ ਪੁੱਟਿਆ ਕਦਮ ਕੋਈ ਵਾਪਸ ਨਹੀਂ ਕਰਵਾ ਸਕਦਾ ਅਤੇ ਜਿਹੜੀ ਗੱਲ ਉਸ ਨੇ ਕਹਿ ਦਿੱਤੀ, ਸਮਝ ਲਉ ਕਿ ਨਾਮੁਮਕਿਨ (ਨਾ ਹੋ ਸਕਣ ਵਾਲਾ) ਕੰਮ ਵੀ 'ਮੋਦੀ ਹੈ ਤਾਂ ਮੁਮਕਿਨ ਹੈ।'ਪੁੱਟਿਆ ਕਦਮ ਪਿੱਛੇ ਨਾ ਖਿਸਕਾਉਣ ਦੇ ਰਿਕਾਰਡ ਵਾਲੇ ਨਰਿੰਦਰ ਮੋਦੀ ਲਈ ਓਦੋਂ ਚੱਲੇ ਕਿਸਾਨਾਂ ਦੇ ਸੰਘਰਸ਼ ਨੇ ਪਹਿਲੀ ਵਾਰੀ ਆਪਣੇ ਕਦਮ ਉੱਤੇ ਟਿਕੇ ਰਹਿਣਾ ਔਖਾ ਕਰ ਦਿੱਤਾ ਅਤੇ ਪੈਰ ਪਿੱਛੇ ਖਿੱਚਣੇ ਪਏ ਸਨ।

ਇੱਕ ਖਾਸ ਭਾਈਚਾਰੇ ਵਿਰੁੱਧ ਸੇਧੇ ਜਾਂਦੇ ਕਦਮਾਂ ਨੂੰ ਛੱਡ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰਚੋਖਾ ਚਿਰ ਹੋਰ ਕੋਈ ਮੁੱਦਾ ਖੜਾ ਕਰਨ ਵਾਲਾ ਕਦਮ ਚੁੱਕਣ ਤੋਂ ਬਚਦੀ ਰਹੀ ਸੀ। ਇਸ ਹਫਤੇ ਫਿਰ ਇਸ ਸਰਕਾਰ ਨੇ ਇਹੋ ਜਿਹਾ ਕਦਮ ਚੁੱਕਿਆ ਹੈ, ਜਿਸ ਦਾ ਸਾਰੇ ਦੇਸ਼ ਵਿੱਚ ਤਿੱਖਾ ਵਿਰੋਧ ਹੁੰਦਾ ਵੇਖਿਆ ਗਿਆ ਹੈ। ਇਹ ਕਦਮ ਭਾਰਤੀ ਫੌਜਾਂ ਦੇ ਤਿੰਨਾਂ ਅੰਗਾਂ ਵਿੱਚ ਦੇਸ਼ ਦੇ ਨੌਜਵਾਨਾਂ ਨੂੰ ਕੱਚੀ ਉਮਰ ਵਿੱਚ ਭਰਤੀ ਕਰਨ ਦੇ ਨਵੇਂ ਨਿਯਮਾਂ ਨਾਲ ਸੰਬੰਧਤ ਹੈ, ਜਿਸ ਨੂੰ 'ਅਗਨੀਪੱਥ' ਯੋਜਨਾ ਕਿਹਾ ਗਿਆ ਹੈ ਤੇ ਭਰਤੀ ਹੋਣ ਵਾਲਿਆਂ ਨੂੰ 'ਅਗਨੀਵੀਰ' ਕਿਹਾ ਜਾਣਾ ਹੈ। ਵਿਰੋਧ ਕਰ ਰਹੇ ਨੌਜਵਾਨਾਂ ਦੇ ਕੁਝਗੰਭੀਰ ਇਤਰਾਜ਼ ਇਸ ਯੋਜਨਾ ਦੀ ਭਰਤੀ ਲਈ ਰੱਖੀ ਮੁੱਢਲੀ ਉਮਰ ਦੀ ਹੱਦ ਬਾਰੇ ਅਤੇ ਕੁਝ ਹੋਰ ਇਤਰਾਜ਼ ਚਾਰ ਸਾਲਾਂ ਪਿੱਛੋਂ ਪੰਝੀ ਫੀਸਦੀ ਨੌਜਵਾਨਾਂ ਨੂੰ ਫੌਜ ਵਿੱਚ ਰੱਖਣ ਤੇ ਪੰਝੱਤਰ ਫੀਸਦੀ ਨੂੰ ਕੱਢ ਦੇਣ ਦੀ ਨੀਤੀ ਬਾਰੇ ਹਨ। ਜਿਹੜੇ ਪੰਝੀ ਫੀਸਦੀ ਨੌਜਵਾਨ ਕੱਢੇ ਜਾਣਗੇ, ਉਨ੍ਹਾਂ ਦੇ ਭਵਿੱਖ ਦਾ ਸਵਾਲ ਵੀ ਖੜਾ ਹੋ ਰਿਹਾ ਹੈ ਤੇ ਅਜਿਹੇ ਮਾਹੌਲ ਵਿੱਚ ਭੜਕੇ ਹੋਏ ਨੌਜਵਾਨ ਉਨ੍ਹਾਂ ਸਰਕਾਰੀ ਜਾਇਦਾਦਾਂ ਦੀ ਸਾੜ-ਫੂਕ ਤੇ ਭੰਨ-ਤੋੜ ਕਰ ਰਹੇ ਹਨ, ਜਿਨ੍ਹਾਂ ਨੂੰ ਬਣਾਉਣ ਉੱਤੇ ਉਨ੍ਹਾਂ ਵਰਗੇ ਭਾਰਤੀ ਨਾਗਰਿਕਾਂ ਦੀ ਖੂਨ-ਪਸੀਨੇ ਦੀ ਕਮਾਈ ਵਿੱਚੋਂ ਆਏ ਟੈਕਸਾਂ ਦਾ ਪੈਸਾ ਲੱਗਦਾ ਹੈ ਅਤੇ ਉਨ੍ਹਾਂ ਦੀ ਲੋੜ ਹੋਣ ਕਾਰਨ ਏਨਾ ਪੈਸਾ ਲਾ ਕੇ ਫਿਰ ਬਣਾਉਣੇ ਪੈਣਗੇ। ਕਈ ਸੱਜਣ ਇਸ ਸੰਘਰਸ਼ ਨੂੰ ਕਿਸਾਨਾਂ ਦੇ ਉਸ ਸੰਘਰਸ਼ ਨਾਲ ਬਰਾਬਰ ਤੋਲਦੇ ਹਨ, ਜਿਹੜਾ ਸਵਾ ਸਾਲ ਦੇ ਕਰੀਬ ਚੱਲਿਆ ਸੀ, ਪਰ ਕਿਸੇ ਥਾਂ ਹਿੰਸਾ ਦੀ ਪਹਿਲ ਉਨ੍ਹਾਂ ਨੇ ਨਹੀਂ ਸੀ ਕੀਤੀ, ਹਿੰਸਕ ਕੰਮ ਸਰਕਾਰ ਚਲਾਉਣ ਵਾਲਿਆਂ ਨੂੰ ਖੁਸ਼ ਕਰਨ ਲਈ ਮੌਕੇ ਦੇ ਅਫਸਰ ਤੇ ਸੰਬੰਧਤ ਥਾਂਵਾਂ ਦੇ ਇੱਕ ਖਾਸ ਪਾਰਟੀ ਨਾਲ ਜੁੜੇ ਲੀਡਰ ਕਰਦੇ ਅਤੇ ਕਰਾਉਂਦੇ ਰਹੇ ਸਨ। ਇਨ੍ਹਾਂ ਦੋਵਾਂ ਲਹਿਰਾਂਦੀ ਇੱਕ ਸਾਂਝ ਜ਼ਰੂਰ ਹੈ ਕਿ ਦੋਵਾਂ ਦੀ ਚਿੰਤਾ ਭਵਿੱਖ ਬਾਰੇ ਹੈ, ਕਿਸਾਨ ਸੰਘਰਸ਼ ਨਸਲਾਂ ਅਤੇ ਫਸਲਾਂ ਬਚਾਉਣ ਵਸਤੇ ਸੀ ਅਤੇ ਇਨ੍ਹਾਂ ਭੜਕੇ ਹੋਏ ਨੌਜਵਾਨਾਂ ਦੀ ਚਿੰਤਾ ਆਪਣੇ ਰੁਜ਼ਗਾਰ ਬਾਰੇ ਹੈ, ਜਿਸ ਦੇ ਬਿਨਾਂ ਜ਼ਿੰਦਗੀ ਗੁਜ਼ਾਰਨੀ ਮੁਸ਼ਕਲ ਹੈ।

ਦੂਸਰਾ ਪੱਖ ਕੁਝ ਸਿਆਸੀ ਸੂਝ ਵਾਲੇ ਲੀਡਰਾਂ ਤੇ ਫੌਜ ਦੇ ਸਾਬਕਾ ਜਰਨੈਲਾਂ ਦਾ ਹੈ। ਉਨ੍ਹਾਂ ਨੂੰ ਪਹਿਲਾ ਇਤਰਾਜ਼ ਇਸ ਤਜਵੀਜ਼ ਬਾਰੇ ਹੈ ਕਿਵੱਖ-ਵੱਖ ਸ਼੍ਰੇਣੀਆਂ ਤੋਂ ਆਏ ਨੌਜਵਾਨਾਂ ਨੂੰ ਅੱਜ ਤੱਕ ਉਨ੍ਹਾਂ ਲਈ ਵਿਸ਼ੇਸ਼ ਯੂਨਿਟਾਂ ਵਿੱਚ ਹੀ ਭਰਤੀ ਕੀਤਾ ਜਾਂਦਾ ਸੀ, ਪਰ ਨਵੀਂ ਸਕੀਮ ਵਿੱਚ ਉਨ੍ਹਾਂ ਨੂੰ ਕਿਸੇ ਵੀ ਯੂਨਿਟ ਨਾਲ ਜੋੜਿਆ ਜਾ ਸਕਦਾ ਹੈ। ਸੋਚਿਆ ਜਾ ਸਕਦਾ ਹੈ ਕਿ ਜਿਹੜੀਆਂ ਯੂਨਿਟਾਂ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਕਿਸੇ ਖਾਸ ਰੇਸ ਨਾਲ ਜੁੜੀਆਂ ਸਨ, ਉਨ੍ਹਾਂ ਦੀ ਪਿਛਲੀ ਮਾਣ-ਮੱਤੀ ਵਿਰਾਸਤ ਉਨ੍ਹਾਂ ਨੂੰ ਪ੍ਰੇਰਤ ਕਰਦੀ ਸੀ ਤੇ ਦੂਸਰੀ ਗੱਲ ਇਹ ਕਿ ਕਿਸੇ ਖਾਸ ਸ਼੍ਰੇਣੀ ਵਿੱਚੋਂ ਆਏ ਨੌਜਵਾਨਾਂ ਨੂੰ ਉਸੇ ਕਿਸਮ ਦੇ ਸੱਭਿਆਚਾਰ ਵਾਲੀ ਯੂਨਿਟ ਵਿੱਚ ਐਡਜਸਟ ਕਰਨਾ ਸੌਖਾ ਹੁੰਦਾ ਸੀ। ਨਵੀਂ ਸਕੀਮ ਵਿੱਚ ਪੰਜਾਬੀ ਗੱਭਰੂ ਕਿਸੇ ਹੋਰ ਵਰਗ ਦੇ ਬਹੁਤੇ ਜਵਾਨਾਂ ਵਾਲੀ ਯੂਨਿਟ ਵਿੱਚ ਗਿਆ ਤਾਂ ਉਨ੍ਹਾਂ ਦੇ ਸੱਭਿਆਚਾਰਕ ਜਾਂ ਧਾਰਮਿਕ ਵਖਰੇਵਿਆਂ ਕਾਰਨ ਓਥੇ ਮੁੱਢਲੇ ਦਿਨਾਂ ਵਿੱਚ ਚੋਖੀ ਔਖ ਮਹਿਸੂਸ ਕਰੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਮਾਮਲੇ ਸਮਝਦਾ ਨਾ ਹੋਇਆ ਤਾਂ ਨਾ ਕਹਿਣ ਵਾਲੀ ਕੋਈ ਗੱਲ ਬੋਲ ਬੈਠਾ ਤਾਂ ਕਿਸੇ ਨਵੇਂ ਰੱਫੜ ਦਾ ਕਾਰਨ ਬਣ ਜਾਵੇਗਾ। ਇਸ ਕਰ ਕੇ ਇਹ ਸਮਝਿਆ ਜਾਂਦਾ ਹੈ ਕਿ ਪਿਛਲੇ ਪੌਣੇ ਦੋ ਸੌ ਸਾਲਾਂ ਤੋਂ ਜਿਹੜੀ ਪਿਰਤ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰ ਦੇ ਪੱਖੋਂ ਨਿਵੇਕਲੀ ਬਣਤਰ ਦਾ ਧਿਆਨ ਰੱਖ ਕੇ ਚੱਲ ਰਹੀ ਹੈ, ਉਸ ਨੂੰ ਛੇੜਨਾ ਨਹੀਂ ਚਾਹੀਦਾ। ਇਸ ਦੇ ਨਾਲ ਨੇਪਾਲ ਦੇ ਪਿਛੋਕੜ ਵਾਲੇ ਸਾਬਕਾ ਜਰਨੈਲਾਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਸਿਰਫ ਤਨਖਾਹਾਂ ਨਹੀਂ ਲਈਆਂ, ਇਸ ਦੇਸ਼ ਲਈ ਜੰਗਾਂ ਵਿੱਚ ਸ਼ਹੀਦੀਆਂ ਵੀ ਪਾਈਆਂ ਹਨ। ਉਨ੍ਹਾਂ ਦੇ ਇੱਕ ਨਿਵੇਕਲੇ ਸੱਭਿਆਚਾਰ ਅਤੇ ਜੰਗਾਂ ਵਿੱਚ ਅੱਗੇ ਹੋ ਕੇ ਜੂਝਣ ਦੀ ਮੁਹਾਰਤ ਕਾਰਨ ਬ੍ਰਿਟੇਨ ਵਰਗੇ ਮੁਲਕਾਂ ਦੀ ਫੌਜ ਵੀ ਉਚੇਚ ਨਾਲ ਉਨ੍ਹਾਂ ਨੂੰ ਆਪਣੇ ਦੇਸ਼ ਦੀ ਸੇਵਾ ਲਈ ਚੁਣਦੀ ਰਹਿੰਦੀ ਹੈ। ਕਈ ਸਾਲ ਪਹਿਲਾਂ ਇਨ੍ਹਾਂ ਸਤਰਾਂ ਦਾ ਲੇਖਕ ਬ੍ਰਿਟੇਨ ਦੌਰੇ ਸਮੇਂ ਪੰਜਾਬੀ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਤੇ ਮੇਅਰ ਰਣਜੀਤ ਧੀਰ ਨਾਲ ਇਹੋ ਜਿਹੇ ਇੱਕ ਸਮਾਗਮ ਵਿੱਚਸ਼ਾਮਲ ਹੋਇਆ ਸੀ, ਜਿਹੜਾ ਕਿਸੇ ਮੋਰਚੇ ਉੱਤੇ ਗੋਰੇ ਬ੍ਰਿਟਿਸ਼ ਨੌਜਵਾਨ ਅਤੇ ਇੱਕ ਗੋਰਖੇ ਫੌਜੀ ਦੇ ਇਕੱਠੇ ਮਾਰੇ ਜਾਣ ਪਿੱਛੋਂ ਉਨ੍ਹਾਂ ਦੀ ਯਾਦ ਵਿੱਚ ਕਰਾਇਆ ਗਿਆ ਸੀ। ਜਿਹੜੇ ਗੋਰਖੇ ਲੋਕ ਸਾਰੀ ਦੁਨੀਆ ਵਿੱਚ ਨਿਵੇਕਲੇ ਸੱਭਿਆਚਾਰ ਅਤੇ ਫੌਜੀ ਸੇਵਾ ਦੀ ਮੁਹਾਰਤ ਲਈ ਜਾਣੇ ਜਾਂਦੇ ਹਨ, ਉਹ ਵੀ ਭਾਰਤ ਸਰਕਾਰ ਦੀ ਨਵੀ ਸਕੀਮ ਤੋਂ ਸੰਤੁਸ਼ਟ ਨਹੀਂ ਹਨ।

ਇੱਕ ਵਾਰ ਫਿਰ ਕਹਿ ਦਿਆਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਕਿਸੇ ਤਰ੍ਹਾਂ ਦਾ ਖਤਰਾ ਕੋਈ ਨਹੀਂ, ਪਰ ਜਿੱਦਾਂ ਦੇ ਕਦਮ ਇਹ ਸਰਕਾਰ ਚੁੱਕਣ ਲੱਗ ਪਈ ਹੈ, ਇਹ ਕਦਮ ਦੇਸ਼ ਦੇ ਲੋਕਾਂ ਵਿੱਚ ਕਈ ਤਰ੍ਹਾਂ ਦੇ ਭਰਮ ਪੈਦਾ ਕਰਨ ਵਾਲੇ ਹਨ। ਪਹਿਲਾਂ ਪੁਰ-ਅਮਨ ਕਿਸਾਨੀ ਸੰਘਰਸ਼ ਅੱਗੇ ਝੁਕ ਕੇ ਸਰਕਾਰ ਨੂੰ ਆਪਣੇ ਬਣਾਏ ਹੋਏ ਤਿੰਨ ਬਿੱਲ ਆਪੇ ਵਾਪਸ ਲੈਣੇ ਪੈ ਗਏ ਸਨ, ਜਿਹੋ ਜਿਹੀ ਕੁੜੱਤਣ ਇਸ ਵਕਤ ਦੇਸ਼ ਦੇ ਨੌਜਵਾਨਾਂ ਵਿੱਚ ਭਰਦੀ ਜਾਂਦੀ ਹੈ, ਇਹ ਇਸ ਸਰਕਾਰ ਨੂੰ ਦੂਸਰੀ ਵਾਰੀ ਪਿੱਛੇ ਹਟਣ ਨੂੰ ਮਜਬੂਰ ਕਰ ਸਕਦੀ ਹੈ। ਲੋਕਤੰਤਰ ਵਿੱਚ ਸਰਕਾਰਾਂ ਨੂੰ ਕੋਈ ਵੀ ਫੈਸਲਾ ਕਰਦੇ ਸਮੇਂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਭਵਿੱਖ ਦੀ ਆਸ ਬਾਰੇ ਕਦਮ ਪੂਰੀ ਸੋਚ ਵਿਚਾਰ ਮਗਰੋਂ ਪੁੱਟਣਾ ਚਾਹੀਦਾ ਹੈਅਤੇ ਗਲਤ ਕਦਮ ਵੇਲੇ ਸਿਰ ਵਾਪਸਲੈਣਾ ਚਾਹੀਦਾ ਹੈ। ਜ਼ਿਦ ਕਰ ਕੇ ਪਿੱਛੋਂਕਦਮ ਪਿੱਛੇ ਖਿੱਚਣ ਨਾਲੋਂ ਗੱਲਬਾਤ ਰਾਹੀਂ ਕਾਂਟਾ ਬਦਲ ਲਿਆ ਜਾਵੇ ਤਾਂ ਜ਼ਿਆਦਾ ਚੰਗਾ ਹੁੰਦਾ ਹੈ।

## ਸੰਗਰੂਰ ਲੋਕ ਸਭਾ ਜਿਮਨੀ ਚੋਣ ਦਾ ਭਖਿਆ ਅਖਾੜਾ, ਸੀਟ ਦੋ ਮਾਨਾਂ ਲਈ ਬਣੀ ਵਕਾਰ ਦਾ ਸਵਾਲ



ਮੁਖ ਮੰਤਰੀ ਭਗਵੰਤ ਮਾਨ ਵਲੋਂ ਲੋਕ ਸਭਾ ਤੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੰਗਰੂਰ ਲੋਕ ਸਭਾ ਸੀਟ ਤੇ 23 ਜੂਨ ਨੂੰ ਹੋਣ ਵਾਲੀ ਜ਼ਮਿਨੀ ਚੋਣ ਲਈ ਸਿਆਸੀ ਅਖਾੜਾ ਪੂਰੀ ਤਰਾਂ ਭਖ ਚੁੱਕੈ। ਭਗਵੰਤ ਮਾਨ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਦੋ ਵਾਰ ਚੋਣ ਜਿੱਤ ਚੁੱਕੇ ਨੇ। ਪਹਿਲੀ ਵਾਰ 2014 ਵਿਚ ਉਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 351827 ਵੋਟਾਂ ਦੇ ਫਰਕ ਨਾਲ ਹਰਾਇਆ ਅਤੇ ਦੂਜੀ ਵਾਰ 2019 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰ ਕੇਵਲ ਢਿਲੋਂ ਨੂੰ 110211 ਵੋਟਾਂ ਦੇ ਅੰਤਰ ਨਾਲ ਹਰਾਇਆ ਸੀ। ਸ. ਮਾਨ 8 ਸਾਲਾਂ ਦੇ ਸਮੇਂ ਦੌਰਾਨ ਲੋਕ ਸਭਾ ਵਿਚ ਪੰਜਾਬ ਨਾਲ ਸਬੰਧਿਤ ਸਾਰੇ ਮੁੱਦੇ ਪੂਰੇ ਜੋਰ ਨਾਲ ਉਠਾਉਂਦੇ ਰਹੇ ਨੇ। ਬੇਸ਼ਕ ਇਸ ਚੋਣ ਦਾ 'ਆਪ' ਜਾਂ ਵਿਰੋਧੀ ਪਾਰਟੀਆਂ ਦੀ ਮੌਜੂਦਾ ਸਥਿਤੀ ਤੇ ਕੋਈ ਬਹੁਤਾ ਅਸਰ ਨਹੀਂ ਪੈਣ ਵਾਲਾ, ਪਰ ਫਿਰ ਵੀ ਜੋ ਪਾਰਟੀ ਚੰਗਾ ਪ੍ਰਦਰਸ਼ਨ ਕਰਦੀ ਹੈ, ਉਸ ਦੀ ਜਤਾ ਵਿਚ ਸ਼ਾਖ ਵਿਚ ਕੁੱਝ ਸੁਧਾਰ ਜਰੂਰ ਹੋ ਸਕਦੈ। ਆਮ ਆਦਮੀ ਪਾਰਟੀ ਵਲੋਂ 'ਆਪ' ਦੇ ਜਿਲਾ ਪ੍ਰਧਾਨ ਅਤੇ ਘਰਾਚੋਂ ਪਿੰਡ ਦੇ ਸਰਪੰਚ ਗੁਰਮੇਲ ਸਿੰਘ ਘਰਾਚੋਂ, ਕਾਂਗਰਸ ਵਲੋਂ ਸਾਬਕਾ ਵਧਾਇਕ ਦਲਬੀਰ ਸਿੰਘ ਗੋਲਡੀ, ਸ਼੍ਰੋਮਣੀ ਅਕਾਲੀ ਦਲ- ਬਸਪਾ ਵਲੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਸਜਾ ਭੁਗਤ ਰਹੇ ਰਾਜੋਆਣਾ ਦੀ ਮੂੰਹਬੋਲੀ ਭੈਣ ਕਮਲਦੀਪ ਕੌਰ ਰਾਜੋਆਣਾ, ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਪ੍ਰਧਾਨ ਅਤੇ 2 ਵਾਰ ਦੇ ਸੰਸਦ ਸਿਮਰਨਜੀਤ ਸਿੰਘ ਮਾਨ ਅਤੇ ਬੀਜੇਪੀ ਵਲੋਂ ਕਾਰੋਬਾਰੀ ਅਤੇ ਬਰਨਾਲਾ ਤੋਂ 2 ਵਾਰ ਦੇ ਸਾਬਕਾ ਵਧਾਇਕ ਕੇਵਲ ਸਿੰਘ ਢਿਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਸੰਗਰੂਰ ਲੋਕ ਸਭਾ ਹਲਕੇ ਵਿਚ 9 ਵਿਧਾਨ ਸਭਾ ਹਲਕੇ ਸੰਗਰੂਰ, ਦਿੜ੍ਹਬਾ, ਸੁਨਾਮ, ਲਹਿਰਾਗਾਗਾ, ਧੂਰੀ, ਬਰਨਾਲਾ, ਭਦੌੜ, ਮਹਿਲਕਲ੍ਹਾਂ ਅਤੇ ਮਲੇਰਕੋਟਲਾ ਸ਼ਾਮਿਲ ਨੇ। ਹਲਕੇ ਵਿੱਚ ਕਰੀਬ 15 ਲੱਖ 69 ਹਜ਼ਾਰ 240 ਵੋਟਰ ਹਨ। ਇਹਨਾਂ ਵਿੱਚ 8 ਲੱਖ 30 ਹਜ਼ਾਰ 56 ਮਰਦ ਅਤੇ 7 ਲੱਖ 39 ਹਜ਼ਾਰ 140 ਔਰਤਾਂ ਹਨ। ਵਿਧਾਨ ਸਭਾ ਚੋਣਾਂ ਵਿਚ ਸਾਰੇ 9 ਹਲਕਿਆਂ ਤੋਂ 'ਆਪ' ਦੇ ਉਮੀਦਵਾਰ ਭਾਰੀ ਬਹੁਮੱਤ ਨਾਲ ਜਿਤੇ ਸਨ ਜਿਨਾਂ ਵਿਚ ਕੁੱਲ ਮਿਲਾ ਕੇ 'ਆਪ' ਦੇ ਵਧਾਇਕਾਂ ਨੇ ਸਾਢੇ 3 ਲੱਖ ਦੀ ਬੜਤ ਦਰਜ ਕੀਤੀ ਸੀ। ਇਹ ਜ਼ਮਿਨੀ ਚੋਣ 'ਆਪ' ਲਈ ਵਕਾਰ ਦਾ ਸਵਾਲ ਬਣੀ ਹੋਈ ਹੈ। ਪਾਰਟੀ ਨੇ ਸਾਰੇ ਵਧਾਇਕਾਂ ਨੂੰ ਆਪਣੀ ਵਿਧਾਨ ਸਭਾ ਵਾਲੀ ਬੜਤ ਵਿਚ ਵਾਧਾ ਕਰਨ ਦਾ ਟੀਚਾ ਦਿੱਤਾ ਹੈ। ਸਾਰੀਆਂ ਪਾਰਟੀਆਂ ਦੇ ਵੱਡੇ ਲੀਡਰ ਆਪਣੇ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਲਈ ਪਿੰਡ- ਪਿੰਡ ਚੋਣ ਰੈਲੀਆਂ ਕਰ ਰਹ ਨੇ। ਮੁੱਖ ਮੰਤਰੀ ਭਗਵੰਤ ਮਾਨ, ਬਹੁਤੇ ਕੈਬਨਿਟ ਮੰਤਰੀ 'ਆਪ' ਉਮੀਦਵਾਰ ਦੇ ਹੱਕ ਵਿਚ ਰੋਡ ਸ਼ੋ/ ਚੋਣ ਮੀਟਿੰਗਾਂ ਕਰ ਰਹੇ ਨੇ।

'ਜੋ ਦਿਖਾ, ਸੋ ਲਿਖਾ'

ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ- ਬੀਐਸਪੀ ਆਪਣੀ ਖੋਈ ਜਮੀਨ ਤਲਾਸ਼ਣ ਦੇ ਯਤਨ ਵਿਚ ਨੇ। ਕਾਂਗਰਸ ਪ੍ਰਧਾਨ ਰਾਜਾ ਵੜਿੰਗ, ਸਾਬਕਾ ਮੰਤਰੀ ਵਿਜੇ ਸਿੰਗਲਾ ਸੀਨੀਅਰ ਆਗੂਆਂ ਨਾਲ ਕਾਂਗਰਸ ਉਮੀਦਵਾਰ ਦਲਬੀਰ ਗੋਲਡੀ ਦੇ ਹੱਕ ਵਿਚ ਸਾਹੋ ਸਾਹੀ ਨੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਖੁਰਿਆ ਆਧਾਰ ਸੁਰਜੀਤ ਕਰਨ ਦੇ ਮਕਸਦ ਨਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਪੱਤਾ ਖੇਡਕੇ ਜੇਲ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਲਈ ਵੋਟਾਂ ਮੰਗ ਰਹੇ ਨੇ। ਪ੍ਰੰਤੂ ਪੋਸਟਰਾਂ ਉਪਰ ਬਾਦਲ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਫੋਟੋ ਦਿਖਾਈ ਨਹੀਂ ਦਿੰਦੀ, ਸਿਰਫ ਰਾਜੋਆਣਾ ਭਰਾ-ਭੈਣ ਦੀਆਂ ਤਸਵੀਰਾਂ ਹੀ ਦਿਸਦੀਆਂ ਨੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੱਤਵੀਂ ਵਾਰ ਚੋਣ ਮੈਦਾਨ ਵਿਚ ਨੇ ਅਤੇ ਨੌਜਵਾਨਾਂ ਦੀ ਹਮਦਰਦੀ ਅਤੇ ਸਮਰੱਥਣ ਨਾਲ ਲੋਕ ਸਭਾ ਲਈ ਚੁਣੇ ਜਾਣ ਦੀ ਉਮੀਦ ਵਿਚ ਨੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸ. ਮਾਨ ਨੂੰ ਦੀਪ ਸਿੱਧੂ ਦੀ ਮੌਤ ਕਾਰਨ ਹਮਦਰਦੀ ਮਿਲੀ ਸੀ। ਉਸ ਨੂੰ ਆਸ ਹੈ ਕਿ ਉਸ ਦੇ ਸਿੱਧੂ ਮੂਸੇਵਾਲਾ ਦੇ ਫੈਨ ਵੀ ਉਸ ਦਾ ਸਮੱਰਥਨ ਕਰਨਗੇ। ਇਸੇ ਤਰਾਂ ਬੀਜੇਪੀ ਦੇ ਕੇਂਦਰੀ ਅਤੇ ਸੂਬਾ ਪੱਧਰੀ ਲੀਡਰ ਉਮੀਦਵਾਰ ਕੇਵਲ ਢਿੱਲੋਂ ਲਈ ਪ੍ਰਚਾਰ ਕਰਕੇ ਪਿੰਡਾਂ ਵਿਚ ਆਧਾਰ ਬਣਾਉਣ ਲਈ ਯਤਨਸ਼ੀਲ ਨੇ । ਢੀਂਡਸਾ ਪਰਿਵਾਰ ਦਾ ਵੀ ਹਲਕੇ ਵਿਚ ਚੰਗਾ ਪ੍ਰਭਾਵ ਹੈ, ਜੋ ਭਾਜਪਾ ਦੀ ਹਮਾਇਤ ਕਰ ਰਿਹਾ ਹੈ। ਵੋਟਰ ਜਿਥੇ ਭਗਵੰਤ ਮਾਨ ਦੀ ਸਰਕਾਰ ਵਲੋਂ ਹੁਣ ਤਕ ਕੀਤੇ ਅੱਛੇ ਫੈਸਲਿਆਂ ਤੋਂ ਖੁੱਸ਼ ਦਿਸਦੇ ਨੇ, ਪਰ ਉਹ ਚੋਣਾਂ ਦੌਰਾਨ ਕੀਤੇ ਜਨਤਕ ਸਹੂਲਤਾਂ ਦੇ ਵਾਅਦੇ ਪੂਰ ਹੋਣ ਵਿਚ ਹੋ ਰਹੀ ਦੇਰੀ ਤੋਂ ਨਿਰਾਸ਼ ਵੀ ਜਰੂਰ ਨੇ।

ਕੁੱਲ ਮਿਲਾ ਕੇ ਮੁੱਖ ਮੁਕਾ-ਬਲਾ 'ਆਪ' ਅਤੇ ਸਿਮਰਨਜੀਤ ਸਿੰਘ ਮਨ ਦੇ ਵਿਚਕਾਰ ਹੀ ਉਭਰ ਕੇ ਸਾਹਮਣੇ ਆ ਰਿਹੈ, ਦੋਵੇਂ ਮਾਨਾਂ ਦਾ ਵਕਾਰ ਪੂਰੀ ਤਰ੍ਹਾਂ ਦਾਅ ਤੇ ਹੈ। ਚੋਣਾਂ ਵਿਚ ਆਖਰੀ ਫੈਸਲਾ ਤਾਂ ਵੋਟਰਾਂ ਦੇ ਹੱਥ ਹੀ ਹੁੰਦੈ, ਜੋ ਉਹ 23 ਜੂਨ ਨੂੰ ਮਸ਼ੀਨਾਂ ਵਿਚ ਬੰਦ ਕਰ ਦੇਣਗੇ ਅਤੇ 26 ਜੂਨ ਨੂੰ ਪਤਾ ਚਲੇਗਾ ਖਕਿ ਉਂਠ ਕਿਸ ਕਰਵਟ ਬੈਠਦਾ ਹੈ।

*-ਦਰਸ਼ਨ ਸਿੰਘ ਸ਼ੰਕਰ*
*ਜਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)*
*ਫੋਨ: 9915836543*

## ਬੰਦੀ ਸਿੰਘਾਂ ਦੀ ਰਿਹਾਈ ਦੀ ਯਾਦ ਅਕਾਲੀਆਂ ਨੂੰ ਸੱਤਾ ਵੇਲੇ ਕਿਉਂ ਨਹੀਂ ਆਈ?

ਅੰਗਰੇਜ ਸਿੰਘ ਹੁੰਦਲ

ਸੰਗਰੂਰ ਦੀ ਲੋਕ ਸਭਾ ਜ਼ਿਮਨੀ ਵਾਸਤੇ ਸਾਰੀਆਂ ਪਾਰਟੀਆਂ ਨੇ ਆਪਣੇ ਉਮਦੀਵਾਰ ਐਲਾਨੇ ਹਨ ਅਤੇ ਢੰਗ ਨਾਲ ਉਥੋਂ ਦੀ ਜਨਤਾ ਨਾਲ ਵਾਅਦੇ ਕੀਤੇ ਜਾ ਹਨ ਕਿ ਅਸੀਂ ਜਿੱਤਣ ਤੋਂ ਬਾਅਦ ਲੋਕ ਸਭਾ ਹਲਕੇ 'ਚ ਕੀ-ਕੀ ਸਹੂਲਤਾਂ ਪ੍ਰਦਾਨ ਕਰ ਸਕਦੇ ਹਾਂ । ਮੈਂ ਕਿਸੇ ਵੀ ਪਾਰਟੀ ਨਾਲ ਸਬੰਧਿਤ ਨਹੀਂ ਹਾਂ । ਅਕਾਲੀ ਦਲ ਬਾਦਲ ਜੋ ਆਪਣੇ ਆਪ ਨੂੰ ਪੰਥ ਦਾ ਹਿੱਸਾ ਦੱਸਦੇ ਹਨ ਉਨ੍ਹਾਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੀਬੀ ਕਮਲਦੀਪ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ ਜੋ ਜੇਲ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਧਰਮੀ ਭੈਣ ਹੈ । ਚੋਣਾਂ 'ਚ ਮੁੱਖ ਮੁੱਦਾ ਬੰਦੀ ਸਿੰਘਾਂ ਦੀ ਰਿਹਾਈ ਦਾ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਰਿਹਾਈ ਕਰਵਾਉਣ ਵਾਸਤੇ ਯਤਨ ਕੀਤੇ ਜਾ ਸਕਣ । ਲੋਕ ਸਭਾ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੌਜੂਦਾ ਮੈਂਬਰ ਪਾਰਲੀਮੈਂਟ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਮੌਜੂਦਾ ਮੈਂਬਰ ਪਾਰਲੀਮੈਂਟ ਹਨ ਅਤੇ ਇਸ ਤੋਂ ਇਲਾਵਾ ਹੋਰ ਵੀ ਅਕਾਲੀ ਦਲ ਮੈਂਬਰ ਪਾਰਲੀਮੈਂਟ ਰਹੇ ਹਨ । ਉਨ੍ਹਾਂ ਨੇ ਕਿੰਨੀ ਵਾਰ ਬੰਦੀ ਸਿੰਘਾਂ ਦੀ ਰਿਹਾਈ ਮੁੱਦਾ ਉਠਾਇਆ । ਪੰਜਾਬ ਸੂਬੇ 'ਚ ਅਕਾਲੀ ਦਲ ਬਾਦਲ ਦੀ ਸਰਕਾਰ ਰਹੀ ਹੈ ਉਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਦੀ ਕਿੰਨੀ ਵਾਰ ਗੱਲ ਕੀਤੀ ਹੈ । ਜਦੋਂ ਕਿ ਪੰਜਾਬ ਵਿਚ ਸੱਤਾ ਦਾ ਸੁੱਖ ਭੋਗਦਿਆਂ ਅਕਾਲੀਆਂ ਨੂੰ ਯਾਦ ਕਿਉਂ ਨਹੀਂ ਆਇਆ ਕਿ ਕੇਂਦਰ ਵਿਚ ਭਾਈਵਾਲੀ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਵੀ ਸਿੰਘਾਂ ਦੀ ਰਿਹਾਈ ਵਾਲੀ ਅਵਾਜ਼ ਨਹੀਂ ਉਠਾਈ । ਵਿਧਾਨ ਸਭਾ ਚੋਣਾਂ 'ਚ ਪੰਜਾਬ ਦੀ ਜਨਤਾ ਨੂੰ ਅਕਾਲੀ ਦਲ ਬਾਰੇ ਸਮਝ ਆ ਗਈ ਹੈ ਕਿ ਇਹ ਕਿਹੜੇ ਪੰਥਕ ਹਨ ਇਸ ਲਈ ਲੋਕਾਂ ਨੇ ਨਕਾਰ ਦਿੱਤਾ ਹੈ । ਤੀਜੇ ਨੰਬਰ ਵਾਲੀ ਪਾਰਟੀ ਬਣ ਕੇ ਰਹਿ ਗਈ ਹੈ । ਅਕਾਲੀ ਦਲ ਨੇ ਹਮੇਸ਼ਾ ਹੀ ਸੱਤਾ ਹਾਸਲ ਕਰਨ ਲਈ ਪੰਥ ਦਾ ਇਸਤੇਮਾਲ ਕੀਤਾ ਹੈ ।

ਪੰਜਾਬੀ ਇਹ ਜਾਣਦੇ ਹਨ ਕਿ ਪੰਥਕ ਸਰਕਾਰ ਨੇ ਕਿਹੜੇ ਵੱਡੇ ਪੰਥਕ ਕੰਮ ਕੀਤੇ ਹਨ । ਸਿੱਖ ਧਰਮ ਵਿਚ ਗੁਰਗੱਦੀ ਤੇ ਬਿਰਾਜਮਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਉਣ ਦੇ ਇਲਾਜ਼ਮ ਲੱਗਣ ਵਾਲੇ ਸਾਧ ਨੂੰ ਸਿੱਖ ਰਹਿਤ ਮਰਿਯਾਦਾ ਦੇ ਉਲਟ ਜਾ ਕੇ ਆਪਣੀ ਕੁਰਸੀ ਦੇ ਜ਼ੋਰ ਨਾਲ ਸਿੱਖਾ ਦੇ ਸਰਵ ਉੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਆਪੇ ਲਗਾਏ ਜਥੇਦਾਰ ਤੋਂ ਮੁਆਫੀ ਦਿਵਾਈ। ਕੀ ਇਹ ਪੰਥਕ ਕਾਰਜ ਕੀਤਾ ਹੈ ਪੰਥਕ ਸਰਕਾਰ ਨੇ । ਏਸੇ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀ ਦੀ ਬੇਅਦਬੀ ਹੋਈ ਹੈ ਤੇ ਇਨਸਾਫ ਦੀ ਮੰਗ ਕਰਦੀਆਂ ਹੋਈਆਂ ਸਿੱਖ ਸੰਗਤਾਂ ਤੇ ਜ਼ੁਲਮ ਢਾਹਿਆ ਗਿਆ ਤੇ ਫਾਇਰਿੰਗ ਕੀਤੀ ਗਈ ਜਿਸ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ । ਪੰਥਕ ਸਰਕਾਰ ਦੇ ਸੱਤਾ ਵਿਚ ਹੁੰਦਿਆ ਏਹੋ ਜਿਹੀਆਂ ਮਾੜੀਆਂ ਘਟਾਨਾਵਾ ਹੋਈਆਂ ਇਨਸਾਫ ਅਜੇ ਤੱਕ ਨਹੀਂ ਮਿ-ਲਆ ਤੇ ਇਹ ਅਜੇ ਵੀ ਆਪਣੇ ਆਪ ਨੂੰ ਪੰਥਕ ਦੱਸਦੇ ਹਨ । ਸਿੱਖਾਂ ਦੇ ਕੱਟੜ ਵਿਰੋਧੀ ਸ਼ਿਵ ਸੈਨਾ ਵਾਲੇ ਜੋ ਨਿੱਤ ਸਿੱਖਾਂ ਵਿਰੁੱਧ ਪ੍ਰਚਾਰ ਕਰਦੇ ਹਨ ਤੇ ਇਸ ਅਕਾਲੀ ਦਲ ਨੇ ਵੋਟਾਂ ਲੈਣ ਖਾਤਰ ਉਨ੍ਹਾਂ ਨਾਲ ਹੱਥ ਮਿਲਾ ਲਿਆ । ਏਸੇ ਅਕਾਲੀ ਦਲ ਤੇ ਨਸ਼ਾ ਵਿਕਰੀ ਦੇ ਦੋਸ਼ ਲੱਗਦੇ ਹਨ ਅਤੇ ਮਾਫੀਆ ਪੈਦਾ ਕਰਨ ਵਰਗੇ ਵੀ । ਸਿੱਖਾ ਦੇ ਸਰਵ ਉੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਅਕਾਲੀ ਦਲ ਬਾਦਲ ਨੂੰ ਤਕੜਾ ਕਰਨ ਦੇ ਐਲਾਨ ਕੀਤੇ ਗਏ ਅਤੇ ਕਿਹਾ ਕਿ ਅਕਾਲੀ ਦਲ ਦਾ ਚੋਣਾਂ ਵਿਚ ਹਾਰ ਜਾਣਾ ਸਿੱਖਾ ਦਾ ਕਮਜ਼ੋਰ ਹੋਣਾ ਹੈ । ਜਥੇਦਾਰ ਸਾਹਿਬ ਨੂੰ ਇਹ ਸੋਚਣਾ ਚਾਹੀਦਾ ਹੈ ਅਕਾਲੀ ਦਲ ਜਦੋਂ ਸੱਤਾ ਵਿਚ ਸੀ ਉਸ ਸਮੇਂ ਦੌਰਾਨ ਕਿਹੜੇ ਪੰਥਕ ਕੰਮ ਹੋਏ ਹਨ ਇਸ ਬਾਰੇ ਵੀ ਸੰਗਤਾਂ ਨੂੰ ਚਾਨਣਾ ਪਾਉ । ਇਉਂ ਜਾਪਦਾ ਹੈ ਕਿ ਜਥੇਦਾਰ ਸਾਹਿਬ ਆਪ ਜਥੇਦਾਰ ਬਣੇ ਰਹਿਣ ਲਈ ਇਸ ਪਰਿਵਾਰ ਦੀ ਹਮਾਇਤ ਕਰ ਰਹੇ ਹਨ ਜੋ ਇਹ ਆਦੇਸ਼ ਦਿੰਦੇ ਹਨ ਉਸੇ ਤਰ੍ਹਾਂ ਨਾਲ ਐਲਾਨ ਕੀਤੇ ਜਾ ਰਹੇ ਹਨ ।ਏਹੋ ਜਿਹੇ ਬਿਆਨ ਦੇਣ ਲੱਗਿਆਂ ਜਥੇਦਾਰ ਸਾਹਿਬ ਨੂੰ ਸਿੰਘ ਸਾਹਿਬ ਦੀ ਪਦਵੀਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।ਏਸੇ ਪਰਿਵਾਰ ਦੇ ਆਦੇਸ਼ ਅਨੁਸਾਰ ਪ੍ਰਧਾਨ, ਜਥੇਦਾਰ, ਗ੍ਰੰਥੀ ਸਿੰਘ ਆਦਿ ਹੋਰ ਅਹੁਦਿਆਂ ਤੇ ਲਗਾਏ ਜਾਂਦੇ ਹਨ । ਬੰਦੀ ਸਿੰਘਾਂ ਦੇ ਨਾਮ ਤੇ ਵੋਟਾਂ ਹਾਸਿਲ ਕਰਨ ਦੀ ਸਿਆਸਤ ਨਹੀਂ ਹੋਣੀ ਚਾਹੀਦੀ ਸਗੋਂ ਬੜੀ ਸੰਜ਼ਦੀਗੀ ਨਾਲ ਸਾਰਿਆਂ ਨੂੰ ਏਕਤਾ ਕਰਕੇ ਰਿਹਾਈ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਲੰਬਾਂ ਸਮਾਂ ਜੇਲਾਂ ਵਿਚ ਬਤੀਤ ਕਰਨ ਦੇ ਬਾਵਜੂਦ ਜੇਲਾ ਅੰਦਰ ਡੱਕੇ ਹੋਏ ਹਨ ਅਤੇ ਉਨ੍ਹਾਂ ਦੇ ਬਾਹਰ ਆਉਣ ਤੇ ਉਨ੍ਹਾਂ ਸਿੰਘਾਂ ਨੂੰ ਸਤਿਕਾਰ ਦੇਣਾ ਚਾਹੀਦਾ ਹੈ ।

ਪੰਜਾਬੀ ਵੋਟਰ ਸਾਰੇ ਸੂਝਵਾਨ ਹਨ ਉਹ ਆਪਣੀ ਪੂਰੀ ਹੋਸ਼ ਹਵਾ ਅਨੁਸਾਰ ਪਾਰਟੀ ਦੀ ਪਹਿਚਾਣ ਕਰਦੇ ਹੋਏ ਵੋਟ ਪਾਉਣਗੇ ।

## ਹਲਕਾ-ਫੁਲਕਾ

ਡਾਕਟਰ (ਆਪਣੇ ਦੋਸਤ ਨੂੰ), ''ਮੇਰੀ ਦਵਾ ਦਾ ਅਸਰ ਤਾਂ ਪੰਜ ਮਿੰਟ ਵਿੱਚ ਹੋ ਜਾਂਦਾ ਹੈ।''
ਦੋਸਤ, ''ਸ਼ਾਇਦ ਇਸੇ ਲਈ ਇੱਕ ਬੁੱਧੀਮਾਨ ਨੇ ਤੇਰੇ ਕਲਿਨਿਕ ਨੇੜੇ ਕਫਨ ਦੀ ਦੁਕਾਨ ਖੋਲ੍ਹ ਲਈ ਹੈ।''

********

ਗ੍ਰਾਹਕ (ਚਾਹ ਵਾਲੇ ਨੂੰ), ''ਇੱਕ ਕੱਪ ਚਾਹ ਲੈ ਆ।''
ਚਾਹ ਵਾਲਾ, ''ਪੈਸੇ ਤਾਂ ਦਿਓ।''
''ਹਰ ਰੋਜ਼ ਦਿੰਦਾ ਹਾਂ ਅੱਜ ਬਿਨਾਂ ਪੈਸੇ ਦੇ ਲੈ ਆ।''
ਚਾਹ ਵਾਲਾ ਖਾਲੀ ਕੱਪ ਲਿਆ ਕੇ ਰੱਖ ਦਿੰਦਾ ਹੈ। ਗ੍ਰਾਹਕ ਬੋਲਿਆ, ''ਓ, ਇਹ ਤਾਂ ਇਕਦਮ ਖਾਲੀ ਹੈ।''
ਚਾਹ ਵਾਲਾ, ''ਹਜ਼ੂਰ ਰੋਜ਼ ਭਰਿਆ ਪੀਂਦੇ ਹੋ, ਅੱਜ ਖਾਲੀ ਹੀ ਸਹੀ।''

********

ਮਾਲਕਣ (ਨਵੀਂ ਨੌਕਰਾਣੀ ਨੂੰ), ''ਦੇਖੋ, ਅਸੀਂ ਲੋਕ ਨਾਸ਼ਤਾ ਸਵੇਰੇ ਠੀਕ ਸਾਢੇ ਸੱਤ ਵਜੇ ਕਰ ਲੈਂਦੇ ਹਾਂ, ਸਮਝ ਗਈ ਨਾ?''
ਨੌਕਰਾਣੀ, ''ਜੀ ਹਾਂ! ਜੇ ਮੈਂ ਕਦੇ ਸਾਢੇ ਸੱਤ ਵਜੇ ਤੱਕ ਨਾ ਪਹੁੰਚ ਸਕਾਂ ਤਾਂ ਨਾਸ਼ਤੇ ਉੱਤੇ ਮੇਰਾ ਇੰਤਜ਼ਾਰ ਨਾ ਕਰਨਾ।''

*********

ਇੱਕ ਮਹਾਨ ਉਤੇ ਮਕਾਨ ਮਾਲਕ ਨੇ 'ਮਕਾਨ ਕਿਰਾਏ ਲਈ ਖ੍ਹਾਲੀ ਹੈ' ਦਾ ਬੋਰਡ ਲਇਆ ਸੀ ਤੇ ਨਾਲ ਇਹ ਵੀ ਲਿਖਿਆ ਸੀ ਕਿ ਇਹ ਮਕਾਨ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਦੇ ਬਾਲ-ਬੱਚੇ ਨਾ ਹੋਣ। ਇੱਕ ਦਿਨ ਇੱਕ ਬੱਚਾ ਮਕਾਨ ਮਾਲਕ ਦੇ ਕੋਲ ਆਇਆ ਤੇ ਬੋਲਿਆ, ''ਮਿਹਰਬਾਨੀ ਕਰਕੇ ਇਹ ਮਕਾਨ ਮੈਨੂੰ ਕਿਰਾਏ ਉੱਤੇ ਦੇ ਦਿਓ, ਮੇਰਾ ਕੋਈ ਬਾਲ-ਬੱਚਾ ਨਹੀਂ, ਸਿਰਫ਼ ਮਾਂ-ਪਿਓ ਹੀ ਹਨ।''

********

ਲੜਕੀ ਵਾਲੇ (ਪੱਪੂ ਨੂੰ), ''ਬੇਟਾ ਸ਼ਰਮਾਓ ਨਾ, ਜੇ ਤੁਸੀਂ ਕੁਝ ਪੁੱਛਣਾ ਹੈ ਤਾਂ ਪੁੱਛ ਸਕਦੇ ਹੋ।''
ਪੱਪੂ, ''ਜੀ, ਇਹੀ ਕਿ ਜੇ ਤੁਸੀਂ ਸਮੋਸਾ ਨਹੀਂ ਖਾਣਾ ਤਾਂ ਮੈਂ ਖਾ ਲਵਾਂ।''



# ਚੰਡੀਗੜ੍ਹ ਵਿੱਚ ਹਰਿਆਣਾ ਅਸੈਂਬਲੀ ਦੀ ਨਵੀਂ ਇਮਾਰਤ ਉਸਾਰਨ ਦਾ ਵਿਰੋਧ ਸ਼ੁਰੂ



ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਹਰਿਆਣਾ ਦੀ ਵਿਧਾਨ ਸਭਾ ਲਈ ਨਵੀਂ ਇਮਾਰਤ ਬਣਾਉਣ ਦਾ ਮੁੱਦਾ ਭਖਦਾ ਜਾ ਰਿਹਾ ਹੈ। ਸ਼ਹਿਰ ਵਿੱਚ 10 ਏਕੜ ਵਿੱਚ ਬਣਾਈ ਜਾਣ ਵਾਲੀ ਇਸ ਇਮਾਰਤ ਦਾ ਚੰਡੀਗੜ੍ਹੀਆਂ ਦੇ ਨਾਲ ਇੰਡੀਅਨ ਇੰਸਟੀਚਿਊਟ ਆਫ ਆਰਕੀਟੈਕਸ (ਆਈ ਆਈ ਏ) ਨੇ ਵਿਰੋਧ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੀ ਇਹ ਰਾਏ ਹੈ ਕਿ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਸਿਟੀ ਬਿਊਟੀਫੁਲ ਚੰਡੀਗੜ੍ਹ ਲਈ ਮਾਰੂ ਸਾਬਤ ਹੋਵੇਗੀ।

ਆਈ ਆਈ ਏ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਇਸ ਪ੍ਰੋਜੈਕਟ ਨੂੰ ਰੋਕਣ ਲਈ ਫੌਰੀ ਦਖਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਇਮਾਰਤ ਦੀ ਉਸਾਰੀ ਸ਼ਹਿਰ ਦੇ ਵਿਕਾਸ ਲਈ ਬਣਾਏ ਮਾਸਟਰ ਪਲਾਨ 2031 ਅਤੇ ਲੀ-ਕਾਰਬੂਜ਼ੀਏ ਦੇ ਨਕਸ਼ੇ ਦਾ ਉਲੰਘਣ ਹੋਵੇਗਾ। ਉਨ੍ਹਾਂ ਨੇ ਇਸ ਦੀ ਕਾਪੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ, ਪੰਜਾਬ ਦੇ ਗਵਰਨਰਾਂਅਤੇ ਯੂ ਟੀ ਦੇ ਪ੍ਰਸ਼ਾਸਕ ਤੇ ਪ੍ਰਸ਼ਾਸਕ ਦੇ ਸਲਾਹਕਾਰ ਨੂੰ ਵੀ ਭੇਜੀ ਹੈ। ਆਈ ਆਈ ਏ ਚੰਡੀਗੜ੍ਹ-ਪੰਜਾਬ ਚੈਪਟਰ ਦੇ ਸਾਬਕਾ ਚੇਅਰਮੈਨ ਸੁਰਿੰਦਰ ਬਾਂਗਾ ਨੇ ਕਿਹਾ ਕਿ ਸਾਲ 1966 ਵਿੱਚ ਚੰਡੀਗੜ੍ਹ ਦੀ ਉਸਾਰੀ ਸਮੇਂ ਸ਼ਹਿਰ ਵਿੱਚ ਅਜਿਹੀ ਕਿਸੇ ਇਮਾਰਤ ਲਈ ਵੱਖਰੀ ਥਾਂ ਨਹੀਂ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਯੂ ਟੀ ਪ੍ਰਸ਼ਾਸਨ ਵੱਲੋਂ ਪੰਜ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੇ ਸ਼ਹਿਰ ਦੇ ਮਾਸਟਰ ਪਲਾਨ 2031 ਵਿੱਚ ਵਿਧਾਨ ਸਭਾ ਦੀ ਨਵੀਂ ਇਮਾਰਤ ਲਈ ਕੋਈ ਥਾਂ ਨਹੀਂ ਦਿੱਤੀ ਗਈ ਹੈ।ਬਾਂਗਾ ਨੇ ਕਿਹਾ ਕਿ ਚੰਡੀਗੜ੍ਹ ਯੂ ਟੀ ਦੀ 10 ਏਕੜ ਥਾਂ ਉੱਤੇ ਹੋਣ ਵਾਲੀ ਇਹ ਨਵੀਂ ਉਸਾਰੀ ਸ਼ਹਿਰ ਲਈ ਮਾਰੂ ਹੋਵੇਗੀ। ਇਸ ਨਾਲ ਸੁੰਦਰ ਸ਼ਹਿਰ ਦੀਸੂਰਤ ਪੂਰੀ ਤਰ੍ਹਾਂ ਵਿਗੜ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਨੇ ਪਹਿਲਾਂ ਵੀ ਸ਼ਹਿਰ ਵਿੱਚ ਉਸਾਰੀ ਦੀ ਕੋਸ਼ਿਸ਼ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਹਰ ਨਵੀਂ ਉਸਾਰੀ ਉੱਤੇ ਰੋਕ ਲਾ ਦਿੱਤੀ ਸੀ। ਚੰਡੀਗੜ੍ਹ ਚੈਪਟਰ ਤੋਂ ਚੇਅਰਮੈਨ ਐਸ ਡੀ ਸਿੰਘ ਦੇ ਮੁਤਾਬਕ ਸ਼ਹਿਰ ਵਿੱਚ ਨਵੀਂ ਵਿਧਾਨ ਸਭਾ ਬਣਾਉਣ ਨਾਲ ਸ਼ਹਿਰ ਦੇ ਵਾਤਾਵਰਣ, ਆਵਾਜਾਈ ਅਤੇ ਪਾਰਕਿੰਗ ਉੱਤੇ ਬਹੁਤ ਮਾੜਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੀ ਨਵੀਂ ਇਮਾਰਤ ਕਾਰਨ, ਸ਼ਹਿਰ ਵਿੱਚ ਲੋਕਾਂ ਦੀ ਆਵਾਜਾਈ ਵੀ ਵਧੇਗੀ।

# ਸ਼ਾਮਲਾਟ ਜ਼ਮੀਨਾਂ ਦਾ ਮਾਮਲੇ ਵਿਚ ਬਠਿੰਡੇ ਦੇ ਅੱਧੀ ਦਰਜਨ ਪਿੰਡਾਂ ਦੇ ਕਿਸਾਨਾਂ ਦਾ ਰੋਹ ਫੁੱਟ ਨਿਕਲਿਆ

ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਬਠਿੰਡਾ ਜ਼ਿਲ੍ਹੇ ਦੇ ਛੇ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਬਾਰੇ ਕਾਰਵਾਈ ਸ਼ੁਰੂ ਹੋਣ ਮਗਰੋਂ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨੇ ਸਰਕਾਰ ਦੇ ਖਿਲਾਫ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਨ੍ਹਾਂ ਪਿੰਡਾਂ ਦੀ ਕਰੀਬ 3700 ਏਕੜ ਸ਼ਾਮਲਾਟ ਜ਼ਮੀਨ ਦੀ ਮਾਲਕੀ ਤਬਦੀਲ ਹੋਣ ਦੇ ਕਾਨੂੰਨੀ ਜਾਂਚ ਸ਼ੁਰੂ ਕੀਤੀ ਹੈ। ਪੰਜਾਬ ਕੈਬਨਿਟ ਨੇ 2012 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਇਨ੍ਹਾਂ ਛੇ ਪਿੰਡਾਂ ਦੀਆਂ ਪੰਚਾਇਤੀ ਸ਼ਾਮਲਾਟਾਂ ਦੀ ਮਾਲਕੀ ਪ੍ਰਾਈਵੇਟ ਬੰਦਿਆਂ ਦੇ ਨਾਂਅ ਕਰਨ ਦਾ ਫੈਸਲਾ ਕੀਤਾ ਸੀ।ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਦਾ 155 ਏਕੜ, ਖੇਮੂਆਣਾ ਦਾ 119 ਏਕੜ, ਜੰਡਾਂਵਾਲਾ ਦਾ 1475 ਏਕੜ, ਗੋਨਿਆਣਾ ਖੁਰਦ ਦਾ 274 ਏਕੜ, ਹਰਰਾਏਪੁਰ ਦਾ 923 ਏਕੜ ਅਤੇ ਵਿਰਕ ਕਲਾਂ ਦਾ 755 ਏਕੜ ਰਕਬਾ ਇਸ ਵਿੱਚ ਸ਼ਾਮਲ ਹੈ। ਮਹਿਕਮੇ ਨੇ ਉਂਗਲ ਚੁੱਕੀ ਹੈ ਕਿ ਕੈਬਨਿਟ ਦੇ ਫੈਸਲੇ ਨਾਲ ਮਾਲਕੀ ਨਹੀਂ ਬਦਲ ਸਕਦੀ। ਮਹਿਕਮਾ ਇਨ੍ਹਾਂ ਪਿੰਡਾਂ ਦੀ ਸ਼ਾਮਲਾਟ ਜ਼ਮੀਨ ਬਾਰੇ ਕੁਲੈਕਟਰ ਵੱਲੋਂ ਦਿੱਤੇ ਫੈਸਲੇ ਖਿਲਾਫ ਅਪੀਲਾਂ ਕਰਨ ਦੇ ਰਾਹ ਪੈਣ ਲੱਗਾ ਹੈ।

ਇਨ੍ਹਾਂ ਛੇ ਪਿੰਡਾਂ ਦੇ ਕਿਸਾਨਾਂ ਨੇ ਇਸ ਬਾਰੇ ਲਾਮਬੰਦੀ ਸ਼ੁਰੂ ਕਰ ਦਿੱਤੀ ਤੇ ਸਰਕਾਰ ਨੂੰ ਆਖਿਆ ਹੈ ਕਿ ਇਨ੍ਹਾਂ ਛੇ ਪਿੰਡਾਂ ਦੀ ਜ਼ਮੀਨ ਪੰਚਾਇਤੀ ਨਹੀਂ, ਉਨ੍ਹਾਂ ਦੇ ਪੁਰਖਿਆਂ ਵੱਲੋਂ ਸ਼ੁਰੂ ਤੋਂ ਇਸ ਜ਼ਮੀਨ ਉੱਤੇਖੇਤੀ ਕੀਤੀ ਜਾਂਦੀ ਸੀ। ਪਿੰਡ ਜੀਦਾ ਦੇ ਕਿਸਾਨਾਂ ਨੇ ਚਾਲੀ ਮੈਂਬਰੀ ਕਮੇਟੀ ਬਣਾਈ ਹੈ, ਜਿਨ੍ਹਾਂ ਦੇ ਸੀਨੀਅਰ ਮੈਂਬਰ ਦਿਲਬਰ ਸਿੰਘ ਦਾ ਕਹਿਣਾ ਸੀ ਕਿ 1939 ਤੋਂ ਉਨ੍ਹਾਂ ਦੇ ਪੁਰਖੇ ਇਨ੍ਹਾਂ ਜ਼ਮੀਨਾਂ ਉੱਤੇਖੇਤੀ ਕਰਦੇ ਰਹੇ ਹਨ ਤੇ ਮਾਲਕੀ ਖਾਨੇ ਵਿੱਚ ਪੰਚਾਇਤ ਦਾ ਨਾਮ ਨਹੀਂ ਬੋਲਦਾ। ਉਨ੍ਹਾਂ ਕਿਹਾ ਕਿ ਪੰਚਾਇਤ ਕੋਲ ਕਦੇ ਵੀ ਇਹ ਜ਼ਮੀਨਾਂ ਨਹੀਂ ਰਹੀਆਂ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਸਾਨਾਂ ਨਾਲ ਕਿਸੇ ਤਰ੍ਹਾਂ ਦਾ ਧੱਕਾ ਕੀਤਾ ਤਾਂ ਉਹ ਸੜਕਾਂ ਜਾਮ ਕਰਨਗੇ।

ਪਿੰਡ ਖੇਮੂਆਣਾ ਦੇ ਕਿਸਾਨਾਂ ਦਾ ਵੀ ਇਹੋ ਕਹਿਣਾ ਕਿ ਉਹ ਸਰਕਾਰ ਨੂੰ ਧੱਕੇ ਨਾਲ ਜ਼ਮੀਨਾਂ ਨਹੀਂ ਖੋਹਣ ਦੇਣਗੇ। ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਜ਼ਿਲ੍ਹਾ ਆਗੂ ਰਣਜੀਤ ਸਿੰਘ ਜੀਦਾ ਨੇ ਕਿਹਾ ਕਿ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਦੇ ਪੁਰਖੇ ਇਨ੍ਹਾਂ ਜ਼ਮੀਨਾਂ ਉੱਤੇ 1950 ਤੋਂ ਪਹਿਲਾਂ ਦੇ ਕਾਬਜ਼ ਚੱਲੇ ਆ ਰਹੇ ਹਨ ਤੇ ਅੱਜ ਜ਼ਿਲ੍ਹਾ ਅਧਿਕਾਰੀ ਆਖਦੇ ਹਨ ਕਿ ਉਹ ਮਾਲਕੀ ਦੇ ਫੈਸਲਿਆਂ ਖਿਲਾਫ ਅਪੀਲਾਂ ਕਰਨਗੇ। ਉਨ੍ਹਾਂ ਨੇ 13 ਜੂਨ ਨੂੰ ਇਸ ਬਾਰੇ ਸੜਕ ਜਾਮ ਕਰ ਕੇ ਰੋਸ ਵੀ ਪ੍ਰਗਟ ਕੀਤਾ ਸੀ, ਜਿਸ ਪਿੱਛੋਂ ਅਧਿਕਾਰੀਆਂ ਨੇ ਲਿਖਤੀ ਭਰੋਸਾ ਦਿੱਤਾ ਹੈ।

# ਪੰਚਾਇਤ ਵਿਭਾਗ ਨੇ ਸੱਤ ਏਕੜ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਾਈ

ਜਲੰਧਰ, 23 ਜੂਨ (ਪੋਸਟ ਬਿਊਰੋ)- ਪੰਚਾਇਤੀ ਵਿਭਾਗ ਨੇ ਭੋਗਪੁਰ ਨੇੜਲੇ ਪਿੰਡ ਮੋਗਾ ਦੀ ਸੱਤ ਏਕੜ ਪੰਚਾਇਤੀ ਜ਼ਮੀਨ ਤੋਂ ਕੱਲ੍ਹ ਨਾਜਾਇਜ਼ ਕਬਜ਼ਾ ਛੁਡਵਾਇਆ ਹੋਣ ਦੀ ਖਬਰ ਮਿਲੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਜਲੰਧਰ ਨੇ ਸੁਦਰਸ਼ਨ ਸਿੰਘ ਪੁੱਤਰ ਬਲਵੰਤ ਸਿੰਘ ਅਤੇ ਰਣਜੀਤ ਸਿੰਘ, ਹਿੰਮਤ ਸਿੰਘ ਅਤੇ ਦਵਿੰਦਰ ਸਿੰਘ ਪੁੱਤਰ ਸਾਧੂ ਸਿੰਘ ਪਿੰਡ ਮੋਗਾ ਬਨਾਮ ਗ੍ਰਾਮ ਪੰਚਾਇਤ ਮੋਗਾ ਵਿਚਕਾਰ ਚੱਲਦੇ ਸੱਤ ਏਕੜ ਦੀ ਜ਼ਮੀਨ ਦੀ ਮਾਲਕੀ ਦੇ ਕੇਸ ਦਾ ਫੈਸਲਾ 2013 ਵਿੱਚ ਗਰਾਮ ਪੰਚ-ਾਇਤ ਮੋਗਾ ਦੇ ਹੱਕ ਵਿੱਚ ਕੀਤਾ ਸੀ। ਕੱਲ੍ਹ ਬੀ ਡੀ ਪੀ ਓ ਭੁਪਿੰਦਰ ਸਿੰਘ ਨੇ ਪੰਚਾਇਤ ਵਿਭਾਗ ਦੇ ਅਫਸਰਾਂ ਅਤੇ ਪੁਲਸ ਦੇ ਸਹਿਯੋਗ ਨਾਲ ਗਰਾਮ ਪੰਚਾਇਤ ਮੋਗਾ ਦੀ ਹਾਜ਼ਰੀ ਵਿੱਚ ਬੀ ਡੀ ਪੀ ਓ ਜਲੰਧਰ ਦੇ ਸਾਲ 2013 ਦੇ ਫੈਸਲੇ ਉੱਤੇ ਅਮਲ ਕਰ ਦਿੱਤਾ ਹੈ। ਇਸ ਜ਼ਮੀਨ ਦੇ ਕਾਬਜ਼ ਚੱਲੇ ਆ ਰਹੇ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਵਾਰ ਦਾ ਪਿਛਲੇ 128 ਸਾਲ ਤੋਂ ਇਸ ਸੱਤ ਏਕੜ ਜ਼ਮੀਨ ਦੇ ਕਰੀਬ ਜ਼ਮੀਨ ਉੱਤੇ ਕਬਜ਼ਾ ਸੀ ਅਤੇ ਉਨ੍ਹਾਂ ਨੇ ਬੀ ਡੀ ਪੀ ਓ ਜਲੰਧਰ ਦੇ ਫੈਸਲੇ ਵਿਰੁੱਧ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਦੇ ਡਾਇਰੈਕਟਰ ਕੋਲ ਸਾਲ 2014 ਵਿੱਚ ਅਪੀਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਡਾਇਰੈਕਟਰ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਉਨ੍ਹਾਂ ਦੀ ਸੱਤ ਏਕੜ ਜ਼ਮੀਨ ਉੱਤੇ ਪੰਚਾਇਤੀ ਵਿਭਾਗ ਦੇ ਅਫਸਰਾਂ ਨੇ ਕਬਜ਼ਾ ਕਰ ਲਿਆ। ਸਰਪੰਚ ਦਾ ਕਹਿਣਾ ਹੈ ਕਿ ਡਾਇਰੈਕਟਰ ਕੋਲ ਸਬੰਧਤ ਧਿਰਾਂ ਦਾ ਕੇਸ ਜ਼ਰੂਰ ਚੱਲਦਾ ਹੈ, ਪਰ ਇਨ੍ਹਾਂ ਕੋਲ ਕਿਸੇ ਉਚ ਅਧਿਕਾਰੀ ਅਫਸਰ ਜਾਂ ਅਦਾਲਤ ਵੱਲੋਂ ਜ਼ਮੀਨ ਉੱਤੇ ਸਟੇਅ ਦੇ ਕਾਗਜ਼ ਨਹੀਂ ਹਨ।

# ਅਕਾਲੀ-ਭਾਜਪਾ ਸਰਕਾਰ ਵੇਲੇ ਅੱਠ ਸੌ ਕਰੋੜ ਦੀ ਪੰਚਾਇਤੀ ਜ਼ਮੀਨ ਦੀ ਮਾਲਕੀ ਤਬਦੀਲ

*** ਪੰਚਾਇਤ ਵਿਭਾਗ ਵੱਲੋਂ ਰਿਕਾਰਡ ਦੀ ਪੜਤਾਲ ਮਗਰੋਂ ਖੁਲਾਸਾ**



ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਬਠਿੰਡਾ ਜ਼ਿਲ੍ਹੇ ਦੇ ਅੱਧੀ ਦਰਜਨ ਪਿੰਡਾਂ ਦੀ ਕਰੀਬ ਅੱਠ ਸੌ ਕਰੋੜ ਰੁਪਏ ਦੇ ਕਰੀਬ ਮੁੱਲ ਵਾਲੀ ਪੰਚਾਇਤੀ ਜ਼ਮੀਨ ਪ੍ਰਾਈਵੇਟ ਲੋਕਾਂ ਨੂੰ ਸੌਂਪ ਦਾ ਮੁੱਦਾ ਉੱਠਿਆ ਹੈ। ਪੰਚਾਇਤੀ ਜ਼ਮੀਨ ਦੀ ਮਾਲਕੀ ਬਿਨਾਂ ਯੋਗ ਪ੍ਰਕਿਰਿਆ ਤੋਂ ਤਬਦੀਲ ਕੀਤੇ ਜਾਣ ਕਾਰਨ ਕਈ ਉਚ ਅਧਿਕਾਰੀ ਫਸ ਸਕਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਦੀ ਘੋਖ ਮਗਰੋਂ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਬਠਿੰਡੇਜ਼ਿਲੇ ਦੇ ਛੇ ਪਿੰਡਾਂ ਦੇ ਪੰਚਾਇਤੀ ਰਕਬੇ ਦੀ ਮਾਲਕੀ ਪ੍ਰਾਈਵੇਟ ਲੋਕਾਂ ਦੇ ਨਾਂਅ ਕਰਨ ਦਾ ਫੈਸਲਾ ਕੀਤਾਅਤੇ ਛੇ ਪਿੰਡਾਂ ਦੀ 3701 ਏਕੜ ਪੰਚਾਇਤੀ ਜ਼ਮੀਨ ਦੀ ਮਾਲਕੀ ਪ੍ਰਾਈਵੇਟ ਲੋਕਾਂ ਦੇ ਨਾਂਅ ਕੀਤੀਸੀ, ਜਿਨ੍ਹਾਂ ਵਿੱਚ ਪਿੰਡ ਜੀਦਾ ਦੇ 155 ਏਕੜ, ਖੇਮੂਆਣਾ ਦੇ 119 ਏਕੜ, ਜੰਡਾਂਵਾਲਾ ਦੇ 1475 ਏਕੜ, ਗੋਨਿਆਣਾ ਖੁਰਦ ਦੇ 274 ਏਕੜ, ਹਰਰਾਏਪੁਰ ਦੇ 923 ਏਕੜ ਅਤੇ ਵਿਰਕ ਕਲਾਂ ਦੇ 755 ਏਕੜ ਸ਼ਾਮਲ ਸਨ। ਇਸ ਰਕਬੇ ਦੀ ਮੌਜੂਦਾ ਕੀਮਤ ਲਗਭਗ ਅੱਠ ਸੌ ਕਰੋੜ ਰੁਪਏ ਬਣਦੀ ਹੈ।ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਰਿਕਾਰਡ ਵੇਖਿਆ ਤਾਂ ਭੇਦ ਖੁੱਲ੍ਹਾ ਕਿ ਮਾਲ ਵਿਭਾਗ ਨੇ ਸਿਰਫ ਕੈਬਨਿਟ ਦੇ ਫੈਸਲੇ ਦੇ ਆਧਾਰ ਉੱਤੇ ਬਿਨਾਂ ਕੁਲੈਕਟਰ ਦੇ ਹੁਕਮਾਂ ਤੋਂ ਪਿੰਡ ਗੋਨਿਆਣਾ ਖੁਰਦ ਦੀ 274 ਏਕੜ, ਵਿਰਕ ਕਲਾਂ ਦੀ 755 ਏਕੜ ਤੇ ਹਰਰਾਏਪੁਰ ਦੀ 923 ਏਕੜ ਜ਼ਮੀਨ ਦੇ ਮਾਲਕ ਪ੍ਰਾਈਵੇਟ ਲੋਕਾਂ ਨੂੰ ਬਣਾ ਦਿੱਤਾ ਹੈ। ਨਿਯਮਾਂ ਅਨੁਸਾਰ ਇਹ ਫੈਸਲਾ ਕੁਲੈਕਟਰ ਨੇ ਪਟੀਸ਼ਨਾਂ ਦਾਇਰ ਹੋ ਜਾਣ ਦੇ ਬਾਅਦਲੈਣਾ ਸੀ। ਸਾਲ 2017 ਵਿਚ ਪਿੰਡ ਜੀਦਾ, ਖੇਮੂਆਣਾ ਅਤੇ ਜੰਡਾਂਵਾਲਾ ਦੇ ਰਕਬੇ ਬਾਰੇ ਫੈਸਲਾ ਜੋ ਪ੍ਰਾਈਵੇਟ ਮਾਲਕਾਂ ਦੇ ਹੱਕ ਵਿੱਚ ਕੁਲੈਕਟਰ ਨੇ ਸੁਣਾਇਆ, ਉਸ ਵਿੱਚੋਂ ਮਹਿਕਮੇ ਦੇ ਹੱਥ ਕਾਫੀ ਕੁਝ ਲੱਗਾ ਹੈ। ਇਨ੍ਹਾਂ ਬਾਰੇ ਨਾ ਕਿਸੇ ਨੇ ਪਟੀਸ਼ਨ ਪਾਈ ਅਤੇ ਨਾ ਗਰਾਮ ਪੰਚਾਇਤ ਨੇ ਜੁਆਬ ਦਾਇਰ ਕੀਤਾ ਸੀ। ਰਿਕਾਰਡ ਉੱਤੇ ਕੋਈ ਬਹਿਸ ਵੀ ਦਰਜ ਨਹੀਂ ਹੈ। ਇਨ੍ਹਾਂ ਵਿੱਚੋਂ ਕਿਸੇ ਕੇਸ ਵਿੱਚ ਕੁਲੈਕਟਰ ਨੇ ਕੋਈ ਮੁੱਦਾ ਵੀ ਫਰੇਮ ਨਹੀਂ ਕੀਤਾ, ਜਿਹੜਾ ਕੀਤਾ ਜਾਣਾ ਲਾਜ਼ਮੀ ਸੀ।

ਤਾਜ਼ਾ ਜਾਂਚ ਵਿੱਚ ਮਹਿਕਮੇ ਨੂੰ ਪਤਾ ਲੱਗਾ ਹੈ ਕਿ ਇਨ੍ਹਾਂ ਫੈਸਲਿਆਂ ਵਿੱਚ ਕੁਲੈਕਟਰ ਨੇ ਇਹ ਨੁਕਤਾ ਕਿਤੇ ਨਹੀਂ ਕਿਹਾ ਕਿ ਝਗੜੇ ਵਾਲੀ ਜ਼ਮੀਨ ਦੀ ਵੰਡ 26 ਜਨਵਰੀ 1950 ਤੋਂ ਪਹਿਲਾਂ ਹੋਈ ਹੈ। ਇਨ੍ਹਾਂ ਫੈਸਲਿਆਂ ਸਮੇਂ ਮੁਰੱਬੇਬੰਦੀ ਦੀ ਸਕੀਮ ਤੋਂ ਇਲਾਵਾ ਹੋਰ ਜ਼ਰੂਰੀ ਨਕਸ਼ੇ ਵੀ ਨਹੀਂ ਦੇਖੇ। ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਨੇ 2017 ਵਿੱਚ ਏ ਡੀ ਸੀ (ਵਿਕਾਸ) ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਸੀ, ਜਿਸ ਨੇ ਜਾਂਚ ਰਿਪੋਰਟ ਵਿੱਚ ਕਿਹਾ ਕਿ ਹਰਰਾਏਪੁਰ, ਵਿਰਕ ਕਲਾਂ ਅਤੇ ਗੋਨਿਆਣਾ ਖੁਰਦ ਦੇ ਮਨਜ਼ੂਰ ਹੋਏ ਇੰਤਕਾਲ ਸਹੀ ਵਿਧੀ ਨਾਲ ਨਹੀਂ ਹੋਏ ਅਤੇ ਇਹ ਸਾਰੇ ਰੀਵਿਊ ਕਰਨੇ ਬਣਦੇ ਹਨ।ਨਵੀਂ ਸਰਕਾਰ ਹੇਠ ਵਿਭਾਗ ਨੇ ਇਸ ਦੀ ਪੈਰਵੀ ਦਾ ਫੈਸਲਾ ਕੀਤਾ ਹੈ ਅਤੇ ਪਿੰਡ ਜੀਦਾ, ਖੇਮੂਆਣਾ ਅਤੇ ਜੰਡਾਂਵਾਲਾ ਦੇ 1749 ਏਕੜ ਰਕਬੇ ਬਾਰੇ ਪਟੀਸ਼ਨਾਂ ਡੀ ਸੀ ਦੀ ਅਦਾਲਤ ਵਿੱਚ ਪਹਿਲਾਂ ਦਾਇਰ ਹੋਣੀਆਂ ਹਨ ਤੇ ਬਾਕੀ ਪਿੰਡਾਂ ਗੋਨਿਆਣਾ ਖੁਰਦ, ਵਿਰਕ ਕਲਾਂ ਅਤੇ ਹਰਰਾਏਪੁਰ ਦੀ 1952 ਏਕੜ ਜ਼ਮੀਨ ਦਾ ਇੰਤਕਾਲ ਰੱਦ ਕਰ ਕੇ ਮੁੜ ਗਰਾਮ ਪੰਚਾਇਤਾਂ ਦੇ ਨਾਂਅ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਣੀ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਇਨ੍ਹਾਂ ਛੇ ਪਿੰਡਾਂ ਦੀ ਪੰਚਾਇਤੀ ਸ਼ਾਮਲਾਟ ਦੀ ਮਾਲਕੀ ਤਬਦੀਲ ਕਰਨ ਨੂੰ ਕਾਨੂੰਨੀ ਨਜ਼ਰੀਏ ਤੋਂ ਘੋਖ ਰਹੇ ਹਨ ਅਤੇ ਇਸ ਵਿੱਚ ਜੋ ਕੁਝ ਵੀ ਗਲਤ ਮਿਲਿਆ, ਉਸ ਦੇ ਖਿਲਾਫ ਮਹਿਕਮੇ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ।

# ਡੈਪੂਟੇਸ਼ਨ ਤੋਂ ਵਾਪਸੀ ਨਾ ਕਰਨ ਵਾਲੇ ਪੰਜਾਬ ਦੇ ਅਫਸਰਾਂ ਨੂੰ ਨੋਟਿਸ ਜਾਰੀ ਹੋਣ ਲੱਗੇ

ਚੰਡੀਗੜ੍ਹ, 23 ਜੂਨ (ਪੋਸਟ ਬਿਊਰੋ)- ਪੰਜਾਬ ਤੋਂ ਤਿੰਨ ਜਾਂ ਪੰਜ ਸਾਲ ਲਈ ਡੈਪੂਟੇਸ਼ਨ ਉੱਤੇਗਏ ਹੋਏ ਕਈ ਅਫਸਰ ਰਿਟਾਇਰਮੈਂਟ ਤਕ ਵਾਪਸੀ ਨਹੀਂ ਕਰਦੇ, ਜਿਸ ਕਾਰਨ ਉਨ੍ਹਾਂ ਦੇ ਵਿਭਾਗਾਂ ਦਾ ਕੰਮ ਪ੍ਰਭਾਵਤ ਹੁੰਦਾ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ 10 ਸਾਲ ਅਤੇ ਫਿਰ ਕਾਂਗਰਸ ਸਰਕਾਰ ਦੇ ਪੰਜ ਸਾਲਾਂਵਿੱਚਲੀਡਰਾਂ ਨਾਲ ਨੇੜਤਾ ਦਾ ਲਾਭ ਉਠਾ ਕੇ ਕਈ ਅਫਸਰ ਅਤੇ ਕਰਮਚਾਰੀ ਵੱਡੇ ਸ਼ਹਿਰਾਂ ਵਿੱਚ ਡੈਪੂਟੇਸ਼ਨ ਉੱਤੇ ਚਲੇ ਗਏ। ਭਗਵੰਤ ਮਾਨ ਸਰਕਾਰ ਪਾਲਿਸੀ ਸਖਤ ਕਰਨ ਜਾ ਰਹੀ ਹੈ ਅਤੇ ਜ਼ਰੂਰੀ ਹੋਣ ਉੱਤੇ ਅਫਸਰਾਂ ਨੂੰ ਵਾਰੀ-ਵਾਰੀ ਡੈਪੂਟੇਸ਼ਨ ਉੱਤੇ ਭੇਜਿਆ ਜਾਵੇਗਾ ਤੇ ਤੈਅ ਸਮੇਂ ਦੇ ਬਾਅਦ ਵਾਪਸੀ ਨਾ ਕਰਨ ਵਾਲਿਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਏਗਾ।

ਮਿਲੀ ਜਾਣਕਾਰੀ ਅਨੁਸਾਰ ਕਈ ਅਧਿਕਾਰੀਆਂ ਦੀ ਨਿਯੁਕਤੀ ਦਿਹਾਤੀ ਖੇਤਰਾਂ ਵਿੱਚ ਹੋਈ ਸੀ। ਕੁਝ ਸਮਾਂ ਉਥੇ ਕੰਮ ਕਰਨ ਪਿੱਛੋਂ ਇਨ੍ਹਾਂ ਅਧਿਕਾਰੀਆਂ ਨੇ ਪਸੰਦਦੀ ਜਗ੍ਹਾ ਉੱਤੇ ਡੈਪੂਟੇਸ਼ਨ ਲੈ ਲਿਆ। ਐਜੂਕੇਸ਼ਨ, ਹੈਲਥ ਅਤੇ ਪੁਲਸ ਵਿਭਾਗ ਤੋਂ ਡੈਪੂਟੇਸ਼ਨ ਉੱਤੇਗਏ ਅਧਿਕਾਰੀ ਸਭ ਤੋਂ ਵੱਧ ਹਨ। ਬਹੁਤੇਮੁਲਾਜ਼ਮ ਦਿੱਲੀ ਤੇ ਚੰਡੀਗੜ੍ਹ ਗਏ ਅਤੇ ਵਾਪਸ ਨਹੀਂ ਮੁੜ ਰਹੇ। ਦੂਜੇ ਪਾਸੇ ਕਰਮਚਾਰੀ ਯੂਨੀਅਨ ਦੇ ਕੋਆਰਡੀਨੇਟਰ ਗੁਰਮੇਲ ਸਿੰਘ ਸਿੱਧੂ ਨੇ ਕਿਹਾ ਕਿਹਾਕਮ ਧਿਰ ਨਾਲ ਨੇੜਤਾ ਰੱਖਦੇ ਕਈ ਅਫਸਰ ਅਤੇ ਕਰਮਚਾਰੀ ਡੈਪੂਟੇਸ਼ਨ ਪਾਲਿਸੀ ਦੀਆਂ ਧੱਜੀਆਂ ਉਡਾ ਰਹੇ ਹਨ। ਕਈ ਵਿਭਾਗਾਂ ਦਾ ਕੰਮ ਇਸ ਨਾਲ ਪ੍ਰਭਾਵਤ ਹੁੰਦਾ ਹੈ। ਅਸੀਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਡੈਪੂਟੇਸ਼ਨ ਪਾਲਿਸੀ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ ਸੀ ਅਤੇ ਫਿਰ ਉਨ੍ਹਾਂ ਨੂੰ ਮਿਲ ਕੇ ਨਵੀਂ ਡੈਪੂਟੇਸ਼ਨ ਪਾਲਿਸੀ ਦੇ ਨੋਟੀਫਿਕੇਸ਼ਨ ਦੀ ਮੰਗ ਕਰਾਂਗੇ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਪਨਗਰੇਨ ਦੇ ਪਾਤੜਾਂ ਵਾਲੇ ਗੁਦਾਮ ਵਿੱਚ ਕਰੋੜਾਂ ਦੇ ਕਣਕ ਘੁਟਾਲੇ ਦਾ ਪਰਦਾਫਾਸ਼

*** ਤਿੰਨ ਇੰਸਪੈਕਟਰਾਂ ਸਮੇਤ ਚਾਰ ਜਣਿਆਂ ਉੱਤੇ ਕੇਸ ਦਰਜ**



ਪਾਤੜਾਂ, 23 ਜੂਨ (ਪੋਸਟ ਬਿਊਰੋ)- ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚੋਂ ਕਣਕ ਦੀ ਖ਼ਰੀਦ ਕਰਦੀ ਸਰਕਾਰੀ ਏਜੰਸੀ ਪਨਗਰੇਨ ਵੱਲੋਂ ਮੰਡੀਆਂ ਤੋਂ ਖਰੀਦ ਕਰਕੇ ਵੱਖ-ਵੱਖ ਗੁਦਾਮਾਂ ਵਿੱਚ ਭੰਡਾਰ ਕੀਤੀ ਕਣਕ ਵਿੱਚ ਕਰੋੜਾਂ ਦੇ ਘਪਲੇ ਦੀ ਚਰਚਾ ਨੂੰ ਮੀਡੀਆ ਵੱਲੋਂ ਪ੍ਰਮੁੱਖਤਾ ਨਾਲ ਪੇਸ਼ ਕਰਨਦੇ ਬਾਅਦ ਫੂਡ ਸਪਲਾਈ ਵਿਭਾਗ ਦੀ ਵਿਜੀਲੈਂਸ ਟੀਮ ਨੇ ਇਨ੍ਹਾਂ ਗੁਦਾਮਾਂ ਦੀ ਜਾਂਚ ਵਿੱਚ ਕਰੋੜਾਂ ਰੁਪਏ ਦੇ 40 ਹਜ਼ਾਰ ਦੇ ਕਰੀਬ ਕਣਕ ਦੇ ਥੈਲੇ ਘੱਟ ਹੋਣ ਉੱਤੇ ਚਾਰ ਅਧਿਕਾਰੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਘੁਟਾਲੇ ਦੇ ਦੋਸ਼ੀ, ਜਿਨ੍ਹਾਂ ਵਿੱਚੋਂ ਬਹੁਤੇ ਰਾਜਨੀਤਕ ਪਹੁੰਚ ਰੱਖਦੇ ਆੜ੍ਹਤੀਏ ਦੱਸੇ ਜਾਂਦੇ ਹਨ, ਕੇਸ ਦਰਜ ਹੋਣ ਮਗਰੋਂ ਫ਼ਰਾਰ ਦੱਸੇ ਜਾਂਦੇ ਹਨ।

ਥਾਣਾ ਪਾਤੜਾਂ ਦੇ ਮੁਖੀ ਨੇ ਦੱਸਿਆ ਕਿ ਪਨਗਰੇਨ ਦੇਚੀਫ ਵਿਜੀਲੈਂਸ ਕਮਿਸ਼ਨਰ ਕਮ ਸਹਾਇਕ ਡਾਇਰੈਕਟਰ ਫੂਡ ਸਪਲਾਈ ਵਿਭਾਗ (ਸੈਂਟਰਲ ਵਿਜੀਲੈਂਸ ਕਮੇਟੀ) ਦੀ ਅਗਵਾਈ ਵਿੱਚਜਾਂਚ ਟੀਮ ਨੇ ਦੋ ਦਿਨ ਪਾਤੜਾਂ ਅਤੇ ਘੱਗਾ ਵਿਖੇ ਪਨਗਰੇਨ ਦੇ ਵੱਖ-ਵੱਖ 12 ਗੁਦਾਮਾਂ ਵਿੱਚ ਜਾਂਚ ਕੀਤੀ ਤਾਂ ਇਸ ਵਿੱਚ ਕਰੀਬ 37,200 ਕਣਕ ਦੇ ਗੱਟੇ ਤੇ ਖਾਲੀ ਬਾਰਦਾਨੇ ਦੀਆਂ ਗੱਠਾਂ ਦੀ ਘਾਟ ਨਿਕਲੀ। ਵਿਜੀਲੈਂਸ ਜਾਂਚ ਅਨੁਸਾਰ ਪਾਤੜਾਂ ਇਲਾਕੇ ਵਿੱਚ ਪਨਗਰੇਨ ਖ਼ਰੀਦ ਏਜੰਸੀ ਦੇ ਵੱਖ-ਵੱਖ ਗੁਦਾਮਾਂ ਵਿੱਚ ਰੱਖੀ ਕਣਕ ਦੇ 18621 ਅਤੇ ਘੱਗਾ ਇਲਾਕੇ ਦੇ ਗੁਦਾਮਾਂ ਵਿੱਚਰੱਖੀ ਕਣਕ ਦੇ 18583 ਗੱਟੇ ਘੱਟ ਨਿਕਲੇ। ਏਦਾਂ ਹੀ ਖਾਲੀ ਬਾਰਦਾਨੇ ਦੀਆਂ 590 ਗੱਠਾਂ ਵੀ ਘੱਟ ਹਨ। ਵਿਭਾਗ ਦੀ ਟੀਮ ਨੇ ਇਸ ਦੇ ਜ਼ਿੰਮੇਵਾਰ ਸਹਾਇਕ ਫੂਡ ਸਪਲਾਈ ਅਫਸਰ ਪਾਤੜਾਂ ਮਨਜੀਤ ਸਿੰਘ, ਮਨੋਜ ਮਿੱਤਲ ਇੰਸਪੈਕਟਰ ਕੇਂਦਰ ਪਾਤੜਾਂ, ਇੰਸਪੈਕਟਰ ਹਰਸ਼ ਸਿੰਗਲਾ ਅਤੇ ਤਲਵਿੰਦਰ ਸਿੰਘ ਬੇਦੀ ਵਿਰੁੱਧ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਟੈਕਸ ਜਮ੍ਹਾਂ ਨਾ ਕਰਾਉਣ ’ਤੇ ਤਿੰਨ ਜਾਇਦਾਦਾਂ ਸੀਲ




*** ਸ਼ਾਮ ਨੂੰ 1.50 ਲੱਖ ਰੁਪਏ ਜਮ੍ਹਾਂ ਕਰਵਾਏ ਤਾਂ ਸੀਲ ਖੁੱਲ੍ਹੀ**

ਜਲੰਧਰ, 23 ਜੂਨ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਗਰ ਨਿਗਮ ਨੇ ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਨ ਉੱਤੇ ਕੱਲ੍ਹ ਸਵੇਰੇ ਤਿੰਨ ਕਮਰਸ਼ਲ ਪ੍ਰਾਪਰਟੀਆਂ ਸੀਲ ਕਰ ਦਿੱਤੀਆਂ। ਸ਼ਾਮ ਨੂੰ ਤਿੰਨਾਂ ਪ੍ਰਾਪਰਟੀ ਮਾਲਕਾਂ ਨੇ ਕਰੀਬ ਡੇਢ ਲੱਖ ਰੁਪਏ ਟੈਕਸ ਜਮ੍ਹਾਂ ਕਰਾਇਆ ਤਾਂ ਨਿਗਮ ਨੇ ਸੀਲ ਖੋਲ੍ਹ ਦਿੱਤੀ। ਨਿਗਮ ਨੇ ਉਨ੍ਹਾਂ ਪ੍ਰਾਪਰਟੀ ਮਾਲਕਾਂ ਨੂੰ ਦੋ ਵਾਰ ਨੋਟਿਸ ਜਾਰੀ ਕੀਤੇ, ਪਰ ਟੈਕਸ ਜਮ੍ਹਾਂ ਨਹੀਂ ਕਰਵਾਇਆ ਗਿਆ। ਫਿਰ ਨਿਗਮ ਨੇ ਕਾਰਵਾਈ ਕਰ ਦਿੱਤੀ। ਇਸ ਬਾਰੇ ਟੈਕਸ ਸੁਪਰਡੈਂਟ ਭੁਪਿੰਦਰ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ ਪ੍ਰਾਪਰਟੀ ਮਾਲਕਾਂ ਨੇ ਟੈਕਸ ਜਮ੍ਹਾਂ ਕਰਾ ਦਿੱਤਾ ਤਾਂ ਸੀਲ ਖੋਲ੍ਹ ਦਿੱਤੀ ਹੈ। ਵਰਨਣ ਯੋਗ ਹੈ ਕਿ ਨਿਗਮ ਦੀ ਟੀਮ ਰੈਵੇਨਿਊ ਵਧਾਉਣ ਲਈ ਲਗਾਤਾਰ ਕਾਰਵਾਈ ਕਰ ਰਹੀ ਹੈ, ਜਿਨ੍ਹਾਂ ਡਿਫਾਲਟਰਾਂ ਵੱਲ ਨਿਗਮ ਦੇ ਪੈਸੇ ਖੜ੍ਹੇ ਹਨ, ਉਨ੍ਹਾਂ ਦੀ ਬਿਲਡਿੰਗ ਸੀਲ ਕੀਤੀ ਜਾ ਰਹੀ ਹੈ ਅਤੇ ਅਦਾਇਗੀ ਕਰਨ ਦੇ ਬਾਅਦ ਹੀ ਸੀਲ ਖੋਲ੍ਹੀ ਜਾ ਰਹੀ ਹੈ।



## ਅਗਨੀਪਥ ਸਕੀਮ ਬਾਰੇ ਪਟੀਸ਼ਨ ਸੂਚੀਬੱਧ ਕਰਨ ਦਾ ਫੈਸਲਾ ਭਾਰਤ ਦੇ ਚੀਫ ਜਸਟਿਸ ਕਰਨਗੇ



ਨਵੀਂ ਦਿੱਲੀ, 23 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇੱਥੇ ਕਿਹਾ ਕਿ ਅਗਨੀਪਥ ਯੋਜਨਾ ਦੇ ਖਿਲਾਫ ਹੋਏ ਹਿੰਸਕ ਪ੍ਰਦਰਸ਼ਨਾਂ ਮੌਕੇ ਸਰਕਾਰੀ ਜਾਇਦਾਦ ਦੇ ਨੁਕਸਾਨ ਬਾਰੇ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਤੋਂ ਪੜਤਾਲ ਕਰਵਾਉਣ ਦੀ ਮੰਗਦੀ ਪਟੀਸ਼ਨ ਨੂੰ ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਵੱਲੋਂ ਕੋਈ ਫੈਸਲਾ ਲਏ ਜਾਣ ਮਗਰੋਂ ਹੀ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ, ਇਸ ਲਈ ਉਡੀਕ ਕਰਨੀ ਪਵੇਗੀ।

ਵਰਨਣ ਯੋਗ ਹੈ ਕਿ ਇੱਕ ਐਡਵੋਕੇਟ ਨੇ ਜਸਟਿਸ ਸੀ ਟੀ ਰਵੀਕੁਮਾਰ ਤੇ ਜਸਟਿਸ ਸੁਧਾਂਸ਼ੂ ਧੂਲੀਆ ਦੇ ਵੋਕੇਸ਼ਨ ਬੈਂਚ ਅੱਗੇ ਪੇਸ਼ ਹੋ ਕੇ ਪਟੀਸ਼ਨ ਉੱਤੇ ਫੌਰੀ ਸੁਣਵਾਈ ਦੀ ਮੰਗ ਕੀਤੀ ਸੀ। ਬੈਂਚ ਨੇ ਛੁੱਟੀਆਂ ਦੌਰਾਨ ਕੇਸਾਂ ਨੂੰ ਸੂਚੀਬੱਧ ਕਰਨ ਦੇ ਪੁਰਾਣੈ ਦਸਤੂਰ ਮੁਤਾਬ ਕਿਹਾ, ‘‘ਇਹ ਮਸਲਾ ਭਾਰਤ ਦੇ ਚੀਫ ਜਸਟਿਸ ਅੱਗੇ ਰੱਖਿਆ ਜਾਵੇਗਾ। ਉਹੀ ਇਸ ਦਾ ਫੈਸਲਾ ਲੈਣਗੇ। ਦਾਇਰ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਕੇਂਦਰ, ਯੂ ਪੀ, ਤੇਲੰਗਾਨਾ, ਬਿਹਾਰ, ਹਰਿਆਣਾ ਤੇ ਰਾਜਸਥਾਨ ਸਰਕਾਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਹਿੰਸਕ ਪ੍ਰਦਰਸ਼ਨਾਂ ਬਾਰੇ ਸਥਿਤੀ ਰਿਪੋਰਟ ਪੇਸ਼ ਕਰਨ।ਕੇਂਦਰ ਸਰਕਾਰ ਨੇ ਵੀ ਕੱਲ੍ਹ ਸੁਪਰੀਮ ਕੋਰਟ ਵਿੱਚ ਕੈਵੀਏਟ ਦਾਖਲ ਕਰ ਕੇ ਅਗਨੀਪਥ ਸਕੀਮ ਦੇ ਖਿਲਾਫ ਦਾਖਲ ਪਟੀਸ਼ਨਾਂ ਉੱਤੇ ਕੋਈ ਫੈਸਲਾ ਸੁਣਾਉਣ ਤੋਂ ਪਹਿਲਾਂ ਉਸ ਦਾ ਪੱਖ ਸੁਣੇ ਜਾਣ ਦੀ ਅਪੀਲ ਕੀਤੀ ਹੈ। ਇਸ ਮੌਕੇ ਹਰਸ਼ ਅਜੈ ਸਿੰਘ ਨਾਂਅ ਦੇ ਵਕੀਲ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਨਵੀਂ ਪਟੀਸ਼ਨ ਦਾਖਲ ਕਰ ਕੇ ਕੇਂਦਰ ਸਰਕਾਰ ਨੂੰ ਅਗਨੀਪੱਥ ਸਕੀਮ ਉੱਤੇ ਮੁੜ ਵਿਚਾਰ ਕੀਤੇ ਜਾਣ ਦੀ ਹਦਾਇਤਜਾਰੀ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨਰ ਦਾ ਦਾਅਵਾ ਹੈ ਕਿ ਇਹ ‘ਕੱਚੇ ਪੱਕੇ ਸੁਝਾਅ' ਹਨ, ਜਿਸ ਨਾਲ ਹੋਰ ਕਈ ਮੁਸ਼ਕਲਾਂ ਜੁੜੀਆਂ ਹਨ। ਇਸ ਤੋਂ ਪਹਿਲਾਂ ਵੀ ਸੁਪਰੀਮ ਕੋਰਟ ਵਿੱਚ ਇਸੇ ਮਸਲੇ ਨਾਲ ਜੁੜੀਆਂ ਦੋ ਪਟੀਸ਼ਨਾਂ ਦਾਖਲ ਕੀਤੀਆਂ ਜਾ ਚੁੱਕੀਆਂ ਹਨ।

## ਦੋਸ਼ੀ ਦੇ ਮੋਬਾਈਲ ਵਿੱਚੋਂ ਪੀੜਤਾ ਦੀ ਅਸ਼ਲੀਲ ਫੋਟੋ ਮਿਲੀ

ਪੂਰਬੀ ਦਿੱਲੀ, 23 ਜੂਨ (ਪੋਸਟ ਬਿਊਰੋ)- ਸਾਕੇਤ ਦੇਅਡੀਸ਼ਨਲ ਸੈਸ਼ਨ ਜੱਜ ਅਤੁਲ ਕੁਮਾਰ ਗਰਗ ਦੀ ਅਦਾਲਤ ਨੇ ਇੱਕ 18 ਸਾਲ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਦੀ ਅਗੇਤੀ ਜਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜਾਂਚ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਦੇ ਫ਼ੋਨ ਤੋਂ ਪੀੜਤਾ ਦੀ ਅਸ਼ਲੀਲ ਤਸਵੀਰ ਮਿਲੀ ਹੈ। ਪੁਲਸ ਦਾ ਪੱਖ ਜਾਨਣ ਪਿੱਛੋਂ ਜੱਜ ਨੇ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।ਦੋਸ਼ੀ ਨੇ ਅਦਾਲਤ ਨੂੰ ਕਿਹਾ ਕਿ ਉਸਦਾ ਅਤੇ ਪੀੜਤਾ ਦਾ ਪ੍ਰੇਮ ਪ੍ਰਸੰਗ ਚੱਲਦਾ ਹੈ। ਲੜਕੀ ਦੇ ਪਰਵਾਰ ਨੂੰ ਪ੍ਰੇਮ ਪ੍ਰਸੰਗ ਦਾ ਪਤਾ ਚਲ ਗਿਆ ਸੀ। ਪਰਿਵਾਰ ਉਨ੍ਹਾਂ ਦੇ ਸੰਬੰਧਾਂ ਨੂੰ ਤੁੜਵਾਉਣਾ ਚਾਹੁੰਦਾ ਹੈ, ਇਸ ਲਈ ਪਰਵਾਰ ਨੇ ਲੜਕੀ ਤੋਂ ਇਹ ਕੇਸ ਦਰਜ ਕਰਵਾਇਆ ਹੈ।ਪੁਲਸ ਨੇ ਅਦਾਲਤ ਨੂੰ ਦੱਸਿਆ ਕਿ ਪੀੜਤਾ ਦੀ ਉਮਰ ਸਿਰਫ 18 ਸਾਲ ਹੈ। ਦੋਸ਼ੀ ਨੇ ਪੀੜਤਾ ਨਾਲ ਵਅਟਸਐਪ ਚੈਟ ਅਦਾਲਤ ਵਿੱਚ ਪੇਸ਼ ਕਰਕੇ ਪ੍ਰੇਮ ਪ੍ਰਸੰਗ ਦਾ ਕੇਸ ਦੱਸਿਆ, ਪਰ ਅਦਾਲਤ ਨੇ ਕਿਹਾ ਕਿ ਪੀੜਤਾ ਦੀ ਉਮਰ ਘੱਟ ਹੈ। ਇਸ ਉਮਰ ਵਿੱਚ ਉਹ ਸਹੀ ਗਲਤ ਦਾ ਫੈਸਲਾ ਨਹੀਂ ਸਕਦੀ।ਦੋਸ਼ੀ ਇਸ ਤੋਂ ਜਾਣੂ ਸੀ ਕਿ ਉਹ ਜੋ ਕਰ ਰਿਹਾ ਹੈ ਪੀੜਤਾ ਅਤੇ ਉਸਦੇ ਲਈ ਸਹੀ ਨਹੀਂ। ਨਿਜੀ ਤਸਵੀਰਾਂ ਨੂੰ ਮੋਬਾਈਲ ਵਿੱਚ ਰੱਖਣ ਦਾ ਇਹ ਅਰਥ ਹੋ ਸਕਦਾ ਹੈ ਕਿ ਉਹ ਲੜਕੀ ਨੂੰ ਡਰਾ ਧਮਕਾ ਕੇ ਦੁਰਕਰਮ ਕਰ ਰਿਹਾ ਹੋਵੇ। ਅਦਾਲਤ ਨੇ ਪੁਲਸ ਨੂੰ ਇਸ ਦ੍ਰਿਸ਼ਟੀਕੋਣ ਤੋਂ ਵੀ ਜਾਂਚ ਕਰਨ ਦੀ ਗੱਲ ਕਹੀ ਹੈ।

## ਆਸਾਮ ਦੇ ਮੁੱਖ ਹੇਮੰਤ ਬਿਸਵਾ ਸਰਮਾ ਦੀ ਪਤਨੀ ਵੱਲੋਂ ਸਿਸੋਦੀਆ ਉਤੇ ਮਾਣਹਾਨੀ ਦਾ ਕੇਸ

ਗੁਹਾਟੀ, 23 ਜੂਨ (ਪੋਸਟ ਬਿਊਰੋ)- ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਦੀ ਪਤਨੀ ਰਿੰਕੀ ਭੂਈਆ ਸਰਮਾ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਉੱਤੇ 100 ਕਰੋੜ ਰੁਪਏ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਸਿਸੋਦੀਆ ਨੇ ਸਰਮਾ ਉੱਤੇ ਪੀ ਪੀ ਈ ਕਿੱਟਾਂ ਦੀ ਖਰੀਦ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਰਿੰਕੀ ਸਰਮਾ ਨੇ ਕਾਮਰੂਪ ਮੈਟਰੋਪਾਲੀਟਨ ਜ਼ਿਲ੍ਹੇ ਦੇ ਸਿਵਲ ਜੱਜ ਦੀ ਅਦਾਲਤ ਵਿੱਚ ਇਹ ਮੁਕੱਦਮਾ ਕੀਤਾ ਹੈ ਤੇ 100 ਕਰੋੜ ਰੁਪਏ ਹਰਜਾਨਾ ਮੰਗਿਆ ਹੈ।

ਵਰਨਣ ਯੋਗ ਹੈ ਕਿ ਮਨੀਸ਼ ਸਿਸੋਦੀਆ ਨੇ ਚਾਰ ਜੂਨ ਨੂੰ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨੇ ਬਾਜ਼ਾਰੀ ਮੁੱਲ ਤੋਂ ਉਤੇ ਪੀ ਪੀ ਈ ਕਿੱਟਾਂ ਖਰੀਦਣ ਦਾ ਠੇਕਾ ਦਿੱਤਾ ਸੀ। ਮੁੱਖ ਮੰਤਰੀ ਦੀ ਪਤਨੀ ਨੇ ਕਿਹਾ ਹੈ ਕਿ ਸਿਸੋਦੀਆ ਦੇ ਬਿਆਨਾਂ ਨਾਲ ਉਨ੍ਹਾਂ ਦੀ ਸਾਖ ਅਤੇ ਅਹੁਦੇ ਨੂੰ ਸੱਟ ਵੱਜੀ ਹੈ ਅਤੇ ਸਿਸੋਦੀਆ ਨੇ ਬੇਵਜ੍ਹਾ ਮੁੱਖ ਮੰਤਰੀ ਸਰਮਾ ਦਾ ਨਾਂਅ ਵਿਵਾਦ ਵਿੱਚ ਘੜੀਸਿਆ ਹੈ। ਇਸ ਲਈ ਅਸੀਂ ਹਰਜਾਨਾ ਮੰਗ ਰਹੇ ਹਾਂ। ਸਿਸੋਦੀਆ ਨੇ ਕੁਝ ਮੀਡੀਆ ਰਿਪੋਰਟਾਂ ਦਾ ਹਵਾਲਾ ਦੇ ਕੇ ਕਿਹਾ ਸੀ ਕਿ ਇੱਕ ਪਾਸੇ ਆਸਾਮ ਸਰਕਾਰ ਨੇ ਪੀ ਪੀ ਈ ਕਿੱਟਾਂ ਦੂਜੀਆਂ ਕੰਪਨੀਆਂ ਤੋਂ 600 ਰੁਪਏ ਵਿੱਚ ਖਰੀਦੀਆਂ, ਦੂਜੇ ਪਾਸੇ ਮੁੱਖ ਮੰਤਰੀ ਨੇ ਆਪਣੀ ਪਤਨੀ ਤੇ ਉਨ੍ਹਾਂ ਦੇ ਪੁੱਤਰ ਦੇ ਕਾਰੋਬਾਰੀ ਭਾਈਵਾਲਾਂ ਨੂੰ ਕਿੱਟਾਂ ਦੀ ਫੌਰੀ ਸਪਲਾਈ ਲਈ ਪ੍ਰਤੀ ਕਿੱਟ 900 ਰੁਪਏ ਅਦਾ ਕੀਤੇ। ਵਿਰੋਧੀ ਧਿਰ ਕਾਂਗਰਸ ਪਾਰਟੀ, ਸੀ ਪੀ ਆਈ, ਸੀ ਪੀ ਐਮ, ਸੀ ਪੀ ਆਈ (ਐਮ ਐਲ) ਲਿਬਰੇਸ਼ਨ, ਆਰ ਸੀਪੀ ਆਈ, ਟੀ ਐਮ ਸੀ ਅਤੇ ਹੋਰ ਇਸ ਮਾਮਲੇ ਵਿੱਚ ਸੀ ਬੀ ਆਈ ਜਾਂਚ ਦੀ ਮੰਗ ਕਰ ਚੁੱਕੇ ਹਨ।

ਪਹਿਲੀ ਜੂਨ ਨੂੰ ਦਿੱਲੀ ਦੇ ਮੀਡੀਆ ਅਦਾਰੇ ਦਿ ਵਾਇਰ ਅਤੇ ਗੁਹਾਟੀ ਆਧਾਰਤ ਦਿ ਕਰਾਸਕਰੰਟ ਨੇ ਸਾਂਝੀ ਖੋਜੀ ਰਿਪੋਰਟ ਵਿੱਚ ਕਿਹਾ ਸੀ ਕਿ ਅਸਾਮ ਸਰਕਾਰ ਨੇ ਬਿਨਾਂ ਢੁੱਕਵੀਂ ਪ੍ਰਕਿਰਿਆ ਦਾ ਪਾਲਣ ਕੀਤਿਆਂ ਕੋਵਿਡ ਨਾਲ ਸਬੰਧਤ ਚਾਰ ਐਮਰਜੈਂਸੀ ਮੈਡੀਕਲ ਸਪਲਾਈ ਆਰਡਰ ਦਿੱਤੇ ਹਨ। ਮੀਡੀਆ ਨੇ ਇਸ ਰਿਪੋਰਟ ਨਾਲ ਆਰ ਟੀ ਆਈ ਹੇਠ ਮਿਲੇ ਜਵਾਬਾਂ ਦਾ ਹਵਾਲਾ ਦਿੱਤਾ ਤੇ ਕਿਹਾ ਸੀ ਕਿ 18 ਮਾਰਚ ਤੋਂ 23 ਮਾਰਚ 2020 ਤਕ ਦਿੱਤੇ ਕੰਟੈਰਕਟ ਰਿੰਕੀ ਦੀ ਮਾਲਕੀ ਵਾਲੀਆਂ ਫਰਮਾਂ ਨੂੰ ਮਿਲੇ ਸਨ। ਕੁਝ ਸਰਮਾ ਪਰਵਾਰ ਦੇ ਕਾਰੋਬਾਰੀ ਭਾਈਵਾਲਾਂ ਨੂੰ ਮਿਲੇ ਸਨ। ਰਿੰਕੀ ਨੇ ਇੱਕ ਟਵੀਟ ਵਿੱਚ ਕਿਹਾ ਸੀ ਕਿ ਉਨ੍ਹਾਂ ਪੀ ਪੀ ਈ ਕਿੱਟਾਂ ਦੀ ਸਪਲਾਈ ਵਿੱਚ ਘਪਲਾ ਨਹੀਂ ਕੀਤਾ ਤੇ ਕੋਈ ਰੁਪਿਆ ਨੈਸ਼ਨਲ ਹੈਲਥ ਮਿਸ਼ਨ ਤੋਂ ਨਹੀਂ ਲਿਆ। ਮੌਜੂਦਾ ਆਸਾਮ ਸਰਕਾਰ ਤੇ ਸਰਮਾ ਨੇ ਵੀ ਵੱਖਰੇ ਤੌਰ ਉੱਤੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

## ਆਪ ਪਾਰਟੀ ਦੇ ਆਗੂ ਸੰਜੇ ਸਿੰਘ ਦੇ ਮੁਤਾਬਕ ਕੇਂਦਰ ਦਿੱਲੀ ਦੇ 53 ਮੰਦਰਾਂ ਨੂੰ ਢਾਹੁਣਾ ਚਾਹੁੰਦੈ



ਨਵੀਂ ਦਿੱਲੀ, 23 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਕੱਲ੍ਹ ਕਿਹਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਿੱਲੀ ਦੇ 53 ਮੰਦਰਾਂ ਨੂੰ ਢਾਹੁਣਾ ਚਾਹੁੰਦੀ ਹੈ। ਇਸ ਦੇ ਨਾਲ ਆਮ ਆਦਮੀ ਪਾਰਟੀ ਨੇ ਭਾਜਪਾ ਉੱਤੇ ‘ਹਿੰਦੂ ਵਿਰੋਧੀ' ਹੋਣ ਦਾ ਦੋਸ਼ ਵੀ ਲਾਇਆ ਹੈ।

ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਕੌਮੀ ਬੁਲਾਰੇ ਸੰਜੇ ਸਿੰਘ ਨੇ ਕਿਹਾ ਕਿ ਕੇਂਦਰ ਨੇ ਦਿੱਲੀ ਸਰਕਾਰ ਨੂੰ ਮੰਦਰਾਂ ਦੀ ਸੂਚੀ ਭੇਜ ਕੇ ਉਨ੍ਹਾਂ ਨੂੰ ਢਾਹੁਣ ਦੇ ਲਈ ਧਾਰਮਿਕ ਕਮੇਟੀ ਦੀ ਪ੍ਰਵਾਨਗੀ ਮੰਗੀ ਹੈ। ਸੰਜੇ ਸਿੰਘ ਨੇ ਕਿਹਾ,‘‘ਪੂਰੇ ਦੇਸ਼ ਵਿੱਚ ਉਹ (ਭਾਜਪਾ) ਧਰਮ ਦੀ ਰੱਖਿਆ ਦੇ ਨਾਂ ਉੱਤੇ ਡਰਾਮਾ ਕਰਦੇ ਹਨ, ਆਪਣੇ ਆਪ ਨੂੰ ਧਰਮ ਰਖਿਅਕ ਦੱਸਦੇ ਹਨ, ਹਿੰਸਾ ਭੜਕਾਉਂਦੇ ਅਤੇ ਨਫ਼ਰਤ ਫੈਲਾਉਂਦੇ ਹਨ, ਪਰ ਇੱਥੇ ਦਿੱਲੀ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ 53 ਮੰਦਰਾਂ ਨੂੰ ਢਾਹੁਣ ਵਾਲੀ ਹੈ।"ਸੰਜੇ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਸਰਕਾਰ ਨੂੰ ਚਿੱਠੀ ਭੇਜੀ ਹੈ ਕਿ ਉਸ ਨੂੰ ਇਨ੍ਹਾਂ 53 ਮੰਦਰਾਂ ਨੂੰ ਢਾਹੁਣ ਲਈ ਧਾਰਮਿਕ ਕਮੇਟੀ ਦੀ ‘ਇਜਾਜ਼ਤ' ਦੀ ਲੋੜ ਹੈ। ਉਨ੍ਹਾਂ ਦੋਸ਼ ਲਾਇਆ,‘‘ਇਹ ਭਾਜਪਾ ਦਾ ਅਸਲੀ ਚਿਹਰਾ ਹੈ। ਇਹ ਦਸਤਾਵੇਜ਼ ਇਸ ਗੱਲ ਦਾ ਸਬੂਤ ਹਨ ਕਿ ਉਹ ਕਿੰਨੇ ਹਿੰਦੂ ਵਿਰੋਧੀ ਹਨ।" ਪਾਰਲੀਮੈਂਟ ਮੈਂਬਰ ਸੰਜੇ ਸਿੰਘ ਨੇ ਮੀਡੀਆ ਨੂੰ ਕੇਂਦਰੀ ਮਕਾਨ ਉਸਾਰੀ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਅਧੀਨ ਭੂਮੀ ਅਤੇ ਵਿਕਾਸ ਵਿਭਾਗ ਵੱਲੋਂ ਦਿੱਲੀ ਸਰਕਾਰ ਨੂੰ ਭੇਜੀ ਚਿੱਠੀ ਦਿਖਾਈ ਅਤੇਭਾਜਪਾ ਨੂੰ ਪਖੰਡੀਆਂ ਦੀ ਪਾਰਟੀ ਕਹਿ ਕੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਆਦੇਸ਼ ਗੁਪਤਾ ਸ਼ਹਿਰ ਦੇ 53 ਮੰਦਰਾਂ ਨੂੰ ਢਾਹੁਣ ਦੇ ਕਦਮ ਲਈ ਲੋਕਾਂ ਤੋਂ ਮੁਆਫ਼ੀ ਮੰਗਣ।

## ਸਿੱਖ ਕਤਲੇਆਮ ਕੇਸ ਵਿਚ ਐਸ ਆਈਟੀ ਵੱਲੋਂ ਘਾਟਮਪੁਰ ਵਿੱਚ ਫਿਰ ਛਾਪੇਮਾਰੀ, ਦੋ ਗ੍ਰਿਫਤਾਰ

ਕਾਨਪੁਰ, 23 ਜੂਨ (ਪੋਸਟ ਬਿਊਰੋ)- ਸਾਲ1984 ਵਿੱਚ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਹੋਣ ਪਿੱਛੋਂ ਸਿੱਖਾਂ ਦੇ ਕਤਲੇਆਮ ਦੇ ਮਾਮਲੇ ਵਿੱਚ ਬਣੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਬੀਤੇ ਦਿਨੀ ਮੁੜ ਘਾਟਮਪੁਰ ਵਿੱਚ ਛਾਪੇਮਾਰੀ ਕਰ ਕੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਐਸ ਆਈ ਟੀ ਨੇ ਜਿਨ੍ਹਾਂ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਵਿੱਚੋਂ ਇੱਕ ਖਤਰਨਾਕ ਅਪਰਾਧੀ ਹੈ। ਉਸ ਉੱਤੇ ਡਕੈਤੀ ਤੇ ਲੁੱਟ ਦੀਆਂ ਧਾਰਾਵਾਂ ਸਮੇਤ ਵੱਖ-ਵੱਖ ਤਰ੍ਹਾਂ ਦੇ 10 ਤੋਂ ਵੱਧਕੇਸ ਦਰਜ ਹਨ ਅਤੇ ਉਸ ਬਾਰੇ ਅਗਲੀ ਜਾਂਚ ਜਾਰੀ ਹੈ।



ਵਰਨਣ ਯੋਗ ਹੈ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾਕਤਲ-ਹੋਣ ਪਿੱਛੋਂ ਕਾਨਪੁਰ ਵਿੱਚ ਹਿੰਸਕ ਭੀੜ ਨੇ 127 ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ, ਜਿਸ ਦੇਚਾਲੀ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚੋਂ 29 ਵਿੱਚ ਫਾਈਨਲ ਰਿਪੋਰਟ ਲੱਗ ਗਈ ਸੀ ਜਦ ਕਿ 11 ਕੇਸਾਂ ਵਿੱਚ ਚਾਰਜਸ਼ੀਟ ਅਦਾਲਤ ਵਿੱਚ ਦਾਖਲ ਕੀਤੀ ਗਈ ਸੀ। ਉਤਰ ਪ੍ਰਦੇਸ਼ ਦੀ ਯੋਗੀ ਆਦਿਤਿਆਨਾਥ ਸਰਕਾਰ ਨੇ ਮਈ 2019 ਨੂੰ ਫਾਈਨਲ ਰਿਪੋਰਟ ਲੱਗੇ ਕੇਸਾਂ ਦੀ ਮੁੜ ਜਾਂਚ ਲਈ ਐਸ ਆਈ ਟੀ ਬਣਾਈ ਸੀ। ਇਹ ਐਸ ਆਈ ਟੀ ਫਾਈਨਲ ਰਿਪੋਰਟ ਲੱਗੇ 29 ਕੇਸਾਂ ਵਿਚੋਂ 20 ਦੀ ਜਾਂਚ ਕਰ ਰਹੀ ਹੈ ਜਿਨ੍ਹਾਂ ਵਿੱਚ ਸਿਰਫ 14 ਕੇਸਾਂ ਨੂੰ ਜਾਂਚ ਯੋਗ ਮੰਨਿਆ ਗਿਆ ਹੈ। ਬੀਤੇ ਦਿਨੀਂ ਐਸ ਆਈ ਟੀ ਨੇ ਨਿਰ-ਾਲਾਨਗਰ ਹੱਤਿਆ ਕਾਂਡ ਨਾਲ ਜੁੜੇ ਚਾਰ ਜਣੇ ਘਾਟਮਪੁਰ ਤੋਂ ਗ੍ਰਿਫਤਾਰ ਕੀਤੇ ਸਨ। ਨਿਰਾਲਾਨ-ਗਰ ਵਿੱਚ ਇੱਕ ਦੰਗਾਕਾਰੀ ਸਣੇ ਪੰਜ ਲੋਕ ਮਾਰੇ ਗਏ ਸਨ। ਇਸ ਕਾਂਡ ਵਿੱਚ ਸਾਬਕਾ ਰਾਜ ਮੰਤਰੀ ਸ਼ਿਵਨਾਥ ਸਿੰਘ ਕੁਸ਼ਵਾਹਾ ਦੇ ਭਤੀਜੇ ਰਾਘਵੇਂਦਰ ਸਿੰਘ ਕੁਸ਼ਵਾਹਾ ਦਾ ਨਾਂਅ ਆਇਆ ਹੈ। ਐਸ ਆਈ ਟੀ ਦੀ ਕਾਰਵਾਈ ਸ਼ੁਰੂ ਹੋਣ ਤੋਂ ਹੀ ਰਾਘਵੇਂਦਰ ਸਿੰਘ ਫਰਾਰ ਹੈ ਤੇ ਉਸ ਨੇ ਅਦਾਲਤ ਵਿੱਚ ਆਤਮ ਸਮਰਪਣ ਕਰਨ ਲਈ ਅਰਜ਼ੀ ਦਾਇਰ ਕੀਤੀ ਹੋਈ ਹੈ।

ਡੀ ਆਈ ਜੀ ਬਾਲੇਂਦੂ ਭੂਸ਼ਣ ਨੇ ਦੱਸਿਆ ਕਿ ਪੁਲਸ ਨੇ ਘਾਟਮਪੁਰ ਦੇ ਰਾਮਸਾਰੀ ਦੇ ਭੂਰਾ ਉਰਫ ਅਮਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਵਿਰੁੱਧ ਡਕੈਤੀ, ਲੁੱਟ ਤੇ ਹੋਰ ਗੰਭੀਰ ਧਾਰਾਵਾਂ ਵਿੱਚ 10 ਤੋਂ ਵੱਧਕੇਸ ਹਨ। ਅਮਰ ਸਿੰਘ ਘਾਟਮਪੁਰ ਦਾ ਹਿਸਟਰੀ ਸ਼ੀਟਰ ਬਦਮਾਸ਼ ਤੇ ਖਤਰਨਾਕ ਨੰਨ੍ਹੇ ਸਿੰਘ ਗਿਰੋਹ ਦਾ ਮੈਂਬਰ ਹੈ। ਅਜਿਹੇ ਵਿੱਚ ਸੰਭਾਵਨਾ ਹੈ ਕਿ ਘਾਟਮਪੁਰ ਤੋਂ ਸੱਠ ਦੰਗਾਕਾਰੀਆਂ ਨਾਲ ਭਰੀ ਜੋ ਬੱਸ ਕਾਨਪੁਰ ਗਈ, ਉਸ ਵਿੱਚ ਡਕੈਤ ਤੇ ਲੁਟੇਰੇ ਵੀ ਸਨ। ਅਮਰ ਸਿੰਘ ਦੀ ਗ੍ਰਿਫਤਾਰੀ ਬਾਰੇ ਕਾਨਪੁਰ ਆਊਟਰ ਪੁਲਸ ਨੂੰ ਦੱਸ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਪੁਲਸ ਨੇ ਘਾਟਮਪੁਰ ਦੇ ਮੁਹੱਲਾ ਤਕੀਆ ਜਵਾਹਰ ਨਗਰ ਵਾਸੀ ਮੋਬੀਨ ਸ਼ਾਹ ਨੂੰ ਗ੍ਰਿਫਤਾਰ ਕੀਤਾ ਹੈ। ਉਸ ਦੀ ਦੰਗਾਕਾਰੀ ਵਜੋਂ ਨਿਸ਼ਾਨਦੇਹੀ ਕੀਤੀ ਗਈ ਸੀ। ਦੋਵਾਂ ਨੂੰ ਰਾਘਵੇਂਦਰ ਸਿੰਘ ਹੀ ਬੱਸ ਵਿੱਚ ਲੈ ਕੇ ਕਾਨਪੁਰ ਆਇਆ ਸੀ।

### ਸੁਪਰੀਮ ਕੋਰਟ ਨੇ ਕਿਹਾ:

## ਅਦਾਲਤਾਂ ਤੋਂ ਨਿੱਜੀ ਆਜ਼ਾਦੀ ਦੇ ਕੇਸਾਂ ਵਿੱਚ ਤੇਜ਼ੀ ਨਾਲ ਹੁਕਮ ਦੇਣ ਦੀ ਉਮੀਦ



ਨਵੀਂ ਦਿੱਲੀ, 23 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਅਦਾਲਤਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਨਿੱਜੀ ਆਜ਼ਾਦੀ ਨਾਲ ਸਬੰਧਤ ਕੇਸਾਂ ਵਿੱਚ ਆਪਣੀ ਮਹੱਤਤਾ ਅਨੁਸਾਰ ਛੇਤੀ ਹੁਕਮ ਜਾਰੀ ਕਰਨ।

ਕੱਲ੍ਹ ਭਾਰਤ ਦੀ ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ 2 ਜੂਨ ਦੇ ਹੁਕਮਾਂ ਵਿਰੁੱਧ ਦਾਇਰ ਪਟੀਸ਼ਨ ਉੱਤੇ ਸੁਣਵਾਈ ਕੀਤੀ ਤਾਂ ਜਸਟਿਸ ਸੀ ਟੀ ਰਵੀ ਕੁਮਾਰ ਅਤੇ ਜਸਟਿਸ ਸੁਧਾਂਸ਼ੂ ਧੂਲੀਆ ਨੇ ਕਿਹਾ ਕਿ ਪਟੀਸ਼ਨਕਰਤਾ ਨੇ ਇਹ ਸ਼ਿਕਾਇਤ ਕੀਤੀ ਹੈ ਕਿ ਉਸ ਦੀ ਅਗਾਊਂ ਜ਼ਮਾਨਤ ਲਈ ਹਾਈ ਕੋਰਟ ਵਿੱਚ ਅਰਜ਼ੀ 31 ਅਗਸਤ ਲਈ ਸੂਚੀਬੱਧ ਕਰ ਦਿੱਤੀ ਗਈ, ਪਰ ਕੋਈ ਰਾਹਤ ਨਹੀਂ ਦਿੱਤੀ ਗਈ। ਪਟੀਸ਼ਨ ਦਾ ਨਿਪਟਾਰਾ ਕਰਦਿਆਂ ਬੈਂਚ ਨੇ ਕਿਹਾ ਕਿ ਜੇ ਮੁੱਖ ਅਰਜ਼ੀ ਦਾ ਨਿਪਟਾਰਾ ਕਿਸੇ ਕਾਰਨ ਨਿਰਧਾਰਤ ਸਮੇਂ ਅੰਦਰ ਨਹੀਂ ਹੋ ਸਕਦਾ ਤਾਂ ਅਰਜ਼ੀ ਵਿੱਚ ਮੰਗੀ ਰਾਹਤ ਨੂੰ ਇਸ ਦੇ ਗੁਣਾਂ ਦੇ ਆਧਾਰ ਉੱਤੇ ਵਿਚਾਰਨਾ ਚਾਹੀਦਾ ਹੈ, ਤਦ ਤਕ ਅਸੀਂ ਪਟੀਸ਼ਨਰ ਨੂੰ ਗ੍ਰਿਫ਼ਤਾਰੀ ਤੋਂ ਅੰਤਰਿਮ ਛੋਟ ਦਿੰਦੇ ਹਾਂ।ਹਾਈ ਕੋਰਟ ਨੇ 2 ਜੂਨ ਦੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਪਟੀਸ਼ਨਰ ਨੇ ਧੋਖਾਦੇਹੀ ਅਤੇ ਅਪਰਾਧਿਕ ਸਾਜ਼ਿਸ਼ ਰਚਣ ਸਮੇਤ ਕਥਿਤ ਅਪਰਾਧਾਂ ਲਈ ਇੱਕ ਪੁਲਸ ਸਟੇਸ਼ਨ ਵਿੱਚ ਦਰਜ ਕੇਸ ਵਿੱਚ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਪਟੀਸ਼ਨ ਉੱਤੇ ਨੋਟਿਸ ਜਾਰੀ ਕੀਤਾ ਅਤੇ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਨੇ ਸਟੇਟਸ ਰਿਪੋਰਟ ਦਾਇਰ ਕਰਨ ਲਈ ਸਮਾਂ ਮੰਗਿਆ। ਇਸ ਤੋਂ ਬਾਅਦ ਅਦਾਲਤ ਨੇ ਮਾਮਲੇ ਦੀ ਸੁਣਵਾਈ 31 ਅਗਸਤ ਲਈ ਪਾ ਦਿੱਤੀ।




## ਕਰੈਡਿਟ ਕਾਰਡ ਨਾਲ ਜੁੜੇ ਨਿਯਮਾਂ ਨੂੰ ਤਿੰਨ ਮਹੀਨੇ ਲਈ ਟਾਲਿਆ




ਮੁੰਬਈ, 23 ਜੂਨ (ਪੋਸਟ ਬਿਊਰੋ)- ਕਰੈਡਿਟ ਅਤੇ ਡੈਬਿਟ ਕਾਰਡ ਬਾਰੇ ਇੱਕ ਜੁਲਾਈ ਤੋਂ ਲਾਗੂ ਹੋਣ ਵਾਲੇ ਨਿਯਮ ਆਰ ਬੀ ਆਈ (ਭਾਰਤੀ ਰਿਜ਼ਰਵ ਬੈਂਕ) ਨੇ ਤਿੰਨ ਮਹੀਨੇ ਲਈ ਟਾਲ ਦਿੱਤੇ ਹਨ। ਇਹ ਨਿਯਮ ਇੱਕ ਅਕਤੂਬਰ ਤੋਂ ਲਾਗੂ ਹੋਣਗੇ। ਕੇਂਦਰੀ ਬੈਂਕ ਨੇ ਕਿਹਾ ਹੈ ਕਿ ਇੰਡਸਟਰੀ ਨਾਲ ਜੁੜੇ ਲੋਕਾਂ ਤੋਂ ਮਿਲੇ ਸੁਝਾਵਾਂ ਅਤੇ ਅਪੀਲਾਂ ਦੇ ਬਾਅਦ ਇਹ ਫੈਸਲਾ ਲਿਆ ਹੈ ਜਿਨ੍ਹਾਂ ਨਿਯਮਾਂ ਨੂੰ ਲਾਗੂ ਕਰਨ ਦੀ ਸਮਾਂ ਸੀਮਾ ਵਧਾਈ ਗਈ ਹੈ, ਉਸ ਵਿੱਚੋਂ ਇੱਕ ਕਰੈਡਿਟ ਕਾਰਡ ਨੂੰ ਐਕਟਿਵ ਕਰਨ ਨਾਲ ਜੁੜਿਆ ਹੈ।

ਆਰ ਬੀ ਆਈ ਨੇ ਫਿਨਟੇਕ ਕੰਪਨੀਆਂ ਨੂੰ ਕੋਈ ਰਾਹਤ ਨਹੀਂ ਦਿੱਤੀ। ਨਵੇਂ ਨਿਯਮਾਂ ਅਨੁਸਾਰ ਕਸਟਮਰ ਵੱਲੋਂ ਕਾਰਡ ਨਾਲ ਕੀਤੇ ਟ੍ਰਾਂਜੈਕਸ਼ਨ ਦੀ ਜਾਣਕਾਰੀ ਕੋ-ਬਰਾਡਿੰਗ ਪਾਰਟਨਰ ਐਕਸੈਸ ਨਹੀਂ ਕਰ ਸਕਣਗੇ।ਜਿਨ੍ਹਾਂ ਨਿਯਮਾਂ ਨੂੰ ਇੱਕ ਜੁਲਾਈ ਤੋਂ ਲਾਗੂ ਕੀਤਾ ਜਾਣਾ ਸੀ, ਉਸ ਵਿੱਚ ਕਾਰਡ ਜਾਰੀਕਰਤਾ ਨੂੰ ਕਰੈਡਿਟ ਕਾਰਡ ਐਕਟਿਵ ਕਰਨ ਲਈ ਕਾਰਡ ਹੋਲਡਰ ਤੋਂ ਵਨ ਟਾਈਮ ਪਾਸਵਰਡ (ਓ ਟੀ ਪੀ) ਦੀ ਸਹਿਮਤੀ ਲੈਣੀ ਜ਼ਰੂਰੀ ਸੀ। ਇਹ ਸਹਿਮਤੀ ਤਦ ਲਈ ਜਾਣੀ ਸੀ ਜਦ ਕਾਰਡ ਜਾਰੀ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਤੋਂ ਵੱਧ ਸਮੇਂ ਤਕ ਗਾਹਕ ਦੁਆਰਾ ਇਸ ਨੂੰ ਐਕਟਿਵ ਨਾ ਕੀਤਾ ਗਿਆ ਹੋਵੇ। ਜੇ ਕਾਰਡ ਨੂੰ ਚਾਲੂ ਕਰਨ ਲਈ ਕੋਈ ਸਹਿਮਤੀ ਨਹੀਂਮਿਲਦੀ ਤਾਂ ਕਾਰਡ ਜਾਰੀਕਰਤਾ ਨੂੰ ਗਾਹਕ ਤੋਂ ਪੁਸ਼ਟੀ ਪ੍ਰਾਪਤ ਕਰਨ ਦੀ ਤਰੀਕ ਤੋਂ ਸੱਤ ਕੰਮ ਵਾਲੇ ਦਿਨਾਂ ਦੇ ਅੰਦਰ ਬਿਨਾਂ ਕਿਸੇ ਲਾਗਤ ਦੇ ਕਰੈਡਿਟ ਕਾਰਡ ਬੰਦ ਕਰ ਦੇਣਾ ਹੋਵੇਗਾ। ਇਸ ਦੇ ਇਲਾਵਾ ਕਾਰਡ ਹੋਲਡਰ ਤੋਂ ਸਪੱਸ਼ਟ ਸਹਿਮਤੀ ਪ੍ਰਾਪਤ ਕੀਤੇ ਬਿਨਾਂ ਉਸ ਨੂੰ ਮਨਜ਼ੂਰਸ਼ੁਦਾ ਕਰੈਡਿਟ ਸੀਮਾ ਦਾ ਉਲੰਘਣਾ ਨਹੀਂ ਹੋਣਾ ਚਾਹੀਦਾ।

## ਮਹਿਲਾ ਕਾਂਗਰਸ ਦੀ ਪ੍ਰਧਾਨ ਨੇ ਪੁਲਸ ਵਾਲਿਆਂ ਉੱਤੇ ਥੁੱਕਿਆ



ਨਵੀਂ ਦਿੱਲੀ, 23 ਜੂਨ (ਪੋਸਟ ਬਿਊਰੋ)- ਨੈਸ਼ਨਲ ਹੈਰਾਲਡ ਮਾਮਲੇ ਵਿੱਚ ਰਾਹੁਲ ਗਾਂਧੀ ਤੋਂ ਈ ਡੀ ਦੀ ਪੁੱਛਗਿੱਛ ਕੱਲ੍ਹ ਪੰਜਵੇਂ ਦਿਨ ਵੀ ਜਾਰੀ ਰਹੀ। ਇਸ ਦੌਰਾਨ ਮਹਿਲਾ ਕਾਂਗਰਸ ਪ੍ਰਧਾਨ ਨੇਟਾ ਡਿਸੂਜ਼ਾ ਦੀ ਸ਼ਰਮਨਾਕ ਹਰਕਤ ਦਾ ਵੀਡੀਓ ਸਾਹਮਣੇ ਆਇਆ।ਜਦੋਂ ਪੁਲਸ ਪ੍ਰਦਰਸ਼ਨਕਾਰੀਆਂ ਨੂੰ ਫੜ ਕੇ ਗੱਡੀਆਂ ਵਿੱਚ ਬਿਠਾ ਰਹੀ ਸੀ ਤਾਂ ਬੱਸ ਦੇ ਦਰਵਾਜ਼ੇ ਉੱਤੇ ਖੜੀ ਡਿਸੂਜ਼ਾ ਨੇ ਮਹਿਲਾ ਪੁਲਸ ਮੁਲਾਜ਼ਮਾਂ ਉੱਤੇ ਥੁਕਿਆ। ਇਸ ਤੋਂ ਪਹਿਲਾਂ ਕਾਂਗਰਸ ਨੇਤਾ ਅਲਕਾ ਲਾਂਬਾ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ ਜਿਸ ਵਿੱਚ ਉਹ ਫੁੱਟ-ਫੁੱਟ ਕੇ ਰੋ ਰਹੀ ਹੈ। ਗ੍ਰਿਫ਼ਤਾਰੀ ਦੌਰਾਨ ਅਲਕਾ ਲਾਂਬਾ ਦੀ ਇੱਕ ਮਹਿਲਾ ਪੁਲਸ ਕਰਮਚਾਰੀ ਨਾਲ ਝੜਪ ਹੋ ਗਈ ਅਤੇ ਉਹ ਰੋਂਦੀ ਨਜ਼ਰ ਆਈ।

ਕਾਂਗਰਸ ਵਰਕਰਾਂ ਨੇ ਰਾਹੁਲ ਗਾਂਧੀ ਉੱਤੇ ਈ ਡੀ ਦੀ ਕਾਰਵਾਈ ਦੇ ਖ਼ਿਲਾਫ਼ ਪਾਰਟੀ ਹੈਡਕੁਆਰਟਰ ਤਕ ਪੈਦਲ ਮਾਰਚ ਕੱਢਿਆ। ਪਾਰਟੀ ਆਗੂ ਨਾਅਰੇਬਾਜ਼ੀ ਕਰਦੇ ਹੋਏ ਜੰਤਰ-ਮੰਤਰ ਵੱਲ ਜਾ ਰਹੇ ਸਨ ਪਰ ਕੁਝ ਦੂਰੀ ਉੱਤੇ ਪੁਲਸ ਨੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ। ਵਰਕਰਾਂ ਨੇ ਉਥੇ ਖੜੇ ਹੋ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਮਾਰਚ ਨੂੰ ਰੋਕਣ ਦੇ ਵਿਰੁੱਧ ਕਾਂਗਰਸੀ ਆਗੂ ਅਲਕਾ ਲਾਂਬਾ ਦੀ ਪੁਲਸ ਨਾਲ ਝੜਪ ਹੋ ਗਈ ਅਤੇ ਉਹ ਸੜਕ ਉੱਤੇ ਬੈਠ ਗਈ। ਉਸ ਨੇ ਰੋਂਦੇ ਹੋਏ ਕਿਹਾ,‘‘ਅੱਜ ਦੇਸ਼ ਦੀ ਜੋ ਹਾਲਤ ਹੋ ਗਈ ਹੈ ਉਸ ਨੂੰ ਦੇਖ ਕੇ ਪੂਰਾ ਦੇਸ਼ ਰੋ ਰਿਹਾ ਹੈ। ਅਸੀਂ ਜੈ ਜਵਾਨ, ਜੈ ਕਿਸਾਨ ਤੇ ਭਾਰਤ ਮਾਤਾ ਚਾਹੁੰਦੇ ਹਾਂ। ਇਹ ਸਾਡਾ ਸੰਵਿਧਾਨਕ ਹੱਕ ਹੈ, ਪਰ ਇਹ ਸਰਕਾਰ ਸਾਡੇ ਤੋਂ ਇਹ ਲੋਕਤੰਤਰੀ ਹੱਕ ਖੋਹਣਾ ਚਾਹੁੰਦੀ ਹੈ। ਬੱਚੇ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਲਈ ਸ਼ਹੀਦ ਬਣਨਾ ਚਾਹੁੰਦੇ ਹਨ, ਪਰ ਸਰਕਾਰ ਉਨ੍ਹਾਂ ਤੋਂ ਇਹ ਮੌਕਾ ਖੋਹਣਾ ਚਾਹੁੰਦੀ ਹੈ।"ਜਦੋਂ ਪੁਲਸ ਮੁਲਾਜ਼ਮਾਂ ਨੇ ਅਲਕਾ ਲਾਂਬਾ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਪੁਲਸ ਨਾਲ ਝਗੜਾ ਹੋ ਗਿਆ। ਇਸ ਦੌਰਾਨ ਛੱਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਵਰਕਰਾਂ ਨਾਲ ਸੜਕ ਉੱਤੇ ਬੈਠ ਗਏ ਅਤੇ ਨਾਅਰੇਬਾਜ਼ੀ ਕੀਤੀ। ਪੁਲਸ ਨੇ ਕਈ ਕਾਰਕੁੰਨਾਂ ਨੂੰ ਹਿਰਾਸਤ ਵਿੱਚ ਲੈ ਕੇ ਥਾਣਿਆਂ ਵਿੱਚ ਭੇਜ ਦਿੱਤਾ।

## ਘਰ ਨੂੰ ਅੱਗ ਲੱਗਣ ਕਾਰਨ ਭਾਰਤੀ ਮੂਲ ਦੇ ਤਿੰਨ ਲੋਕਾਂ ਦੀ ਮੌਤ



ਨਿਊਯਾਰਕ, 23 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਇੱਕ ਘਰ ਵਿੱਚ ਅੱਗ ਲੱਗਣ ਕਾਰਨ ਇੱਕ ਭਾਰਤੀ ਮੂਲ ਦੇ ਜੋੜੇ ਅਤੇ ਉਨ੍ਹਾਂ ਦੇ ਪੁੱਤਰ ਦੀ ਮੌਤ ਹੋ ਗਈ ਹੈ।

ਡਬਲਊ ਪੀ ਐਕਸ ਟੀ ਵੀ ਸਟੇਸ਼ਨ ਨੇ ਦੱਸਿਆ ਕਿ ਦੁਪਹਿਰੇ ਜਦੋਂ ਫ਼ਾਇਰਫਾਈਟਰ ਉਥੇ ਪਹੁੰਚੇ ਤਾਂ ਘਰ ਅੱਗ ਦੀ ਲਪੇਟ ਵਿੱਚ ਆਇਆ ਹੋਇਆ ਸੀ ਤੇ ਇੱਕ ਫ਼ਲੈਟ ਦੀ ਬੇਸਮੈਂਟ ਵਿੱਚੋਂ ਦੋ ਲਾਸ਼ਾਂ ਮਿਲੀਆਂ। ਫ਼ਾਇਰ ਫ਼ਾਈਟਰਾਂ ਨੂੰ ਅਗਲੇ ਦਿਨ ਤੀਜੀ ਲਾਸ਼ ਮਿਲੀ।ਨਿਊਯਾਰਕ ਪੋਸਟ ਨੇ ਗੁਆਂਢੀਆਂ ਤੇ ਰਿਸ਼ਤੇਦਾਰਾਂ ਦੇ ਹਵਾਲੇ ਨਾਲ ਜੋੜੇ ਦੀ ਪਛਾਣ ਨੰਦਾ ਬਾਲੋ ਪਰਸਾਦ ਅਤੇ ਬੋਨੋ ਸਲੀਮਾ ਸ਼ੈਲੀ ਪਰਸਾਦ ਵਜੋਂ ਕੀਤੀ ਹੈ। ਉਨ੍ਹਾਂ ਦੇ ਬੇਟੇ ਡੇਵੋਨ ਪਰਸਾਦ (22) ਦੀ ਲਾਸ਼ ਅਗਲੇ ਦਿਨ ਮਿਲੀ ਸੀ। ਡਬਲਊ ਪੀ ਆਈ ਐਕਸ ਦੇ ਮੁਤਾਬਕ ਇਸ ਘਟਨਾ ਨੂੰ ਅਧਿਕਾਰੀਆਂ ਨੇ ਫ਼ਾਈਵ-ਅਲਾਰਮ ਫ਼ਾਇਰ ਵਜੋਂ ਸ਼੍ਰੇਣੀਬੱਧ ਕੀਤਾ ਸੀ, ਜੋ ਤੇਜ਼ ਹਵਾਵਾਂ ਕਾਰਨ ਚਾਰ ਹੋਰ ਘਰਾਂ ਵਿੱਚ ਫੈਲ ਗਈ। ਇਸ ਨੇ ਅੱਗੇ ਦੱਸਿਆ ਕਿ 9 ਪਰਵਾਰਾਂ ਦੇ 29 ਬਾਲਗ ਤੇ 13 ਬੱਚੇ ਅੱਗ ਨਾਲ ਪ੍ਰਭਾਵਤ ਹੋਏ ਹਨ, ਜਦੋਂ ਕਿ ਕਈ ਫ਼ਾਇਰਫ਼ਾਈਟਰ ਜ਼ਖ਼ਮੀ ਹੋਏ ਹਨ।ਨਿਊਯਾਰਕ ਪੋਸਟ ਨੇ ਕਿਹਾ ਕਿ ਰਿਸ਼ਤੇਦਾਰਾਂ ਦੇ ਅਨੁਸਾਰ, ਨੰਦਾ ਪਰਸਾਦ ਦਵਾਈਆਂ ਬਣਾਉਣ ਵਾਲੀ ਕੰਪਨੀ ਤੋਂ ਸੇਵਾਮੁਕਤ ਹੋਏ ਸਨ, ਜਦੋਂ ਕਿ ਉਨ੍ਹਾਂ ਦੀ ਪਤਨੀ ਜੇ ਐਫ਼ ਕੇ ਹਵਾਈ ਅੱਡੇ ਉੱਤੇ ਕੰਮ ਕਰਦੀ ਸੀ।

## ਰੂਸ ਤੋਂ ਗੈਸ ਨਾ ਮਿਲਣ ਕਾਰਨ ਯੂਰਪ ਵਿੱਚ ਮੰਦੀ ਦਾ ਖਤਰਾ

ਲੰਡਨ, 23 ਜੂਨ (ਪੋਸਟ ਬਿਊਰੋ)- ਰੂਸ ਵੱਲੋਂ ਗੈਸ ਸਪਲਾਈ ਵਿੱਚ ਕਟੌਤੀ ਕਰਨ ਨਾਲ ਯੂਰਪ ਵਿੱਚ ਮੰਦੀ ਦਾ ਖਤਰਾ ਪੈਦਾ ਹੋ ਗਿਆ ਹੈ। ਜਰਮਨੀ ਨੇ ਆਰਥਿਕ ਸੰਕਟ ਵਿੱਚ ਘਿਰਨ ਦੀ ਚਿਤਾਵਨੀ ਦੇ ਦਿੱਤੀ ਹੈ ਅਤੇ ਆਈ ਈ ਏ ਨੇ ਚੌਕਸ ਕੀਤਾ ਹੈ ਕਿ ਰੂਸ ਯੂਰਪੀ ਦੇਸ਼ਾਂ ਦੀ ਗੈਸ ਸਪਲਾਈ ਪੂਰੀ ਤਰ੍ਹਾਂ ਨਾਲ ਰੋਕ ਸਕਦਾ ਹੈ।

ਵਰਨਣ ਯੋਗ ਹੈ ਕਿ ਯੂਕਰੇਨ ਨਾਲ ਜੰਗ ਕਾਰਨ ਪੈਦਾ ਹੋਈ ਸਥਿਤੀ ਵਿੱਚ ਯੂਰਪ ਨੂੰ ਸਬਕ ਸਿਖਾਉਣ ਲਈ ਰੂਸ ਕਈਹੋਰ ਕਦਮ ਚੁੱਕ ਸਕਦਾ ਹੈ। ਯੂਰਪੀਨ ਯੂਨੀਅਨ (ਈ ਯੂ) ਦੀ ਸੰਸਾਰ ਮਾਮਲਿਆਂ ਦੀ ਕਾਰਜਕਾਰੀ ਡਾਇਰੈਕਟਰ ਏਲੀਨਾ ਬਾਰਡਰੈਮ ਨੇ ਕਿਹਾ ਕਿ ਰੂਸੀ ਗੈਸ ਦੀ ਸਪਲਾਈ ਘੱਟ ਹੋਣ ਕਾਰਨ ਯੂਰਪ ਵਿੱਚ ਮੰਦੀ ਦਾ



ਖਤਰਾ ਹੈ, ਅਗਲੇ ਕੁਝ ਮਹੀਨੇ ਸਾਡੇ ਲਈ ਬਹੁਤ ਮੁਸ਼ਕਲ ਵਾਲੇ ਹੋ ਸਕਦੇ ਹਨ, ਇਸ ਦੇ ਬਾਵਜੂਦ ਈ ਯੂ ਯੂਕਰੇਨ ਨੂੰ ਸਮਰਥਨ ਜਾਰੀ ਰੱਖੇਗਾ। ਅੰਤਰਰਾਸ਼ਟਰੀ ਊਰਜਾ ਏਜੰਸੀ (ਆਈ ਈ ਏ) ਦੇ ਮੁਖੀ ਨੇ ਕਿਹਾ, ਰੂਸ ਦਾ ਵਿਹਾਰ ਦੇਖਦੇ ਹੋਏ ਸ਼ੱਕ ਹੈ ਕਿ ਉਹ ਯੂਰਪੀ ਦੇਸ਼ਾਂ ਨੂੰ ਗੈਸ ਦੀ ਪੂਰੀ ਸਪਲਾਈ ਰੋਕ ਸਕਦਾ ਹੈ। ਇਸ ਲਈ ਉਹ ਕੋਈ ਤਕਨੀਕੀ ਬਹਾਨਾ ਬਣਾ ਸਕਦਾ ਹੈ। ਬਦਲਵੀਂ ਵਿਵਸਥਾ ਲਈ ਆਈ ਈ ਏ ਨੇ ਈ ਯੂ ਨੂੰ ਸੂਰਜੀ ਊਰਜਾ ਅਤੇ ਐਟਮੀ ਊਰਜਾ ਸਰੋਤਾਂ ਦਾ ਸੁਝਾਅ ਦਿੱਤਾ ਹੈ। ਈ ਯੂ ਨੇ ਕੋਲੇ ਉੱਥੇ ਆਧਾਰਤ ਬਿਜਲੀਘਰਾਂ ਨੂੰ ਦੁਬਾਰਾ ਚਾਲੂ ਕਰਨ ਦੇ ਸੰਕੇਤ ਦਿੱਤੇ ਹਨ।

ਜਰਮਨੀ ਦੇ ਵਿੱਤ ਮੰਤਰੀ ਕ੍ਰਿਸ਼ਚੀਅਨ ਲਿੰਡਨਰ ਨੇ ਗੰਭੀਰ ਆਰਥਿਕ ਸੰਕਟ ਤੋਂ ਬਚਣ ਲਈ ਬਦਲਵੇਂ ਕਦਮ ਚੁੱਕਣ ਉੱਥੇ ਜ਼ੋਰ ਦਿੱਤਾ ਤੇ ਕਿਹਾ, ਇਸ ਦੇ ਲਈ ਵਿਵਸਥਾ ਨੂੰ ਲੀਹ ਉੱਤੇ ਲਿਆਉਣ ਲਈ ਘੱਟੋ ਘੱਟ ਤਿੰਨ ਸਾਲ ਲੋੜ ਹੋਵੇਗੀ, ਉਹ ਤਿੰਨ ਸਾਲ ਯੂਰਪ ਲਈ ਬਹੁਤ ਭਾਰੀ ਹੋਣਗੇ। ਰੂਸ ਤੋਂ ਯੂਰਪ ਨੂੰ ਨਾਰਡ ਸਟਰੀਮ-ਵਨ ਪਾਈਪਲਾਈਨ ਜ਼ਰੀਏ ਗੈਸ ਦੀ ਸਪਲਾਈ ਹੁੰਦੀ ਹੈ। ਰੂਸ ਨੇ ਗੈਸ ਸਪਲਾਈ ਵਿੱਚ ਪਿਛਲੇ ਹਫਤੇ ਕਮੀ ਕੀਤੀ ਸੀ, ਪਰ ਕੱਲ੍ਹ ਗੈਸ ਵਿੱਚ ਕਮੀ ਮਹਿਸੂਸ ਕੀਤੀ ਗਈ, ਇਸ ਤੋਂ ਉਸ ਨੂੰ ਮੁਸ਼ਕਲ ਪੇਸ਼ ਆ ਰਹੀ ਹੈ।

## ਚਰਚ ਵਿੱਚ ਦੋ ਪਾਦਰੀਆਂ ਸਮੇਤ ਤਿੰਨਾਂ ਦਾ ਗੋਲੀਆਂ ਮਾਰ ਕੇ ਕਤਲ

ਮੈਕਸੀਕੋ ਸਿਟੀ, 23 ਜੂਨ (ਪੋਸਟ ਬਿਊਰੋ)- ਉਤਰੀ ਮੈਕਸੀਕੋ ਦੇ ਇੱਕ ਚਰਚ ਵਿੱਚ ਬੰਦੂਕਧਾਰੀਆਂ ਨੇ ਦੋ ਪਾਦਰੀਆਂ ਸਮੇਤ ਤਿੰਨ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰ ਕਰ ਦਿੱਤਾ ਹੈ। ਮਾਰਿਆ ਗਿਆ ਤੀਜਾ ਵਿਅਕਤੀ ਇੱਕ ਟੂਰਿਸਟ ਗਾਈਡ ਹੈ, ਜਿਹੜਾ ਹਮਲਾਵਰਾਂ ਦੀ ਚੁੰਗਲ ਵਿੱਚੋਂ ਛੁੱਟ ਕੇ ਲੁਕਣ ਲਈ ਚਰਚ 'ਚ ਪਹੁੰਚਿਆ ਸੀ। ਪੋਪ ਫ਼ਰਾਂਸਿਸ ਨੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਇੱਕ ਹੈਰਾਨ ਕਰਨ ਵਾਲੀ ਵਾਰਦਾਤ ਹੈ।



ਗੋਲੀਬਾਰੀ ਦੀ ਵਾਰਦਾਤ ਕੱਲ੍ਹ ਓਦੋਂ ਹੋਈ ਜਦੋਂ ਇੱਕ ਡਰੱਗ ਤਸਕਰ ਗਿਰੋਹ ਟੂਰਿਸਟ ਗਾਈਡ ਨੂੰ ਅਗਵਾ ਕਰ ਕੇ ਚਰਚ ਵੱਲ ਲਿਜਾ ਰਿਹਾ ਸੀ। ਗਰੋਹ ਦੇ ਚੁੰਗਲ ਵਿੱਚੋਂ ਛੁੱਟ ਕੇ ਟੂਰਿਸਟ ਗਾਈਡ ਕਿਸੇ ਤਰ੍ਹਾਂ ਚਰਚ ਪਹੁੰਚ ਗਿਆ ਤੇ ਲੁਕਣ ਦੀ ਥਾਂ ਮੰਗੀ। ਇੰਨੇ ਵਿੱਚ ਬਦਮਾਸ਼ ਵੀ ਉਥੇ ਪਹੁੰਚ ਗਏ ਤੇ ਟੂਰਿਸਟ ਗਾਈਡ ਨਾਲ ਮਾਰਕੁੱਟ ਕਰਨ ਲੱਗੇ। ਦੋਵੇਂ ਪਾਦਰੀ ਟੂਰਿਸਟ ਗਾਈਡ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲੱਗੇ, ਜਿਨ੍ਹਾਂ ਨੂੰ ਡਰੱਗ ਤਸਕਰਾਂ ਨੇ ਗੋਲੀਆਂ ਮਾਰ ਦਿੱਤੀਆਂ। ਬਾਅਦ ਵਿੱਚ ਹਮਲਾਵਰਾਂ ਨੇ ਟੂਰਿਸਟ ਗਾਈਡ ਨੂੰ ਵੀ ਗੋਲੀ ਮਾਰ ਦਿੱਤੀ। ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਇਸ ਦੇ ਬਾਅਦ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ ਓਬ੍ਰੇਦੋਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਕਰਕੇ ਸ਼ੱਕੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਫਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

## 76 ਸਾਲਾ ਸੁਪਰਫਿੱਟ ਦਾਦੀ ਨੇ ਵੇਟ ਲਿਫਲਿੰਗ ਕਰ ਕੇ ਸਾਰੀ ਦੁਨੀਆ ਨੂੰ ਹੈਰਾਨ ਕੀਤਾ

ਲੰਡਨ, 23 ਜੂਨ (ਪੋਸਟ ਬਿਊਰੋ)- ਕੁਝ ਲੋਕ ਉਮਰ ਅਤੇ ਜ਼ੋਖਮ ਦੋਨੋਂ ਉੱਤੇ ਫਤਿਹ ਕਰਨ ਦਾ ਹੁਨਰ ਬਾਖੂਬੀ ਜਾਣਦੇ ਹਨ। ਮੌਤ ਨੂੰ ਨਾ ਸਿਰਫ਼ ਚਕਮਾ ਦੇਣ ਵਿੱਚ ਮਾਹਿਰ ਹੁੰਦੇ ਹਨ ਸਗੋਂ ਆਪਣੇ ਬੁਲੰਦ ਹੌਸਲਿਆਂ ਨਾਲ ਖੁਦ ਨੂੰ ਅਜਿਹਾ ਮਜ਼ਬੂਤ ਬਣਾ ਲੈਂਦੇ ਹਨ ਕਿ ਮੌਤ ਵੀ ਡਰਨ ਲੱਗੇ।



ਇੱਕ ਸੁਪਰਫਿਟ ਦਾਦੀ ਦੋ ਵਾਰ ਕੈਂਸਰ ਨੂੰ ਮਾਤ ਦੇ ਕੇ ਐਥਲੀਟ ਬਣ ਗਈ ਅਤੇ ਰਿਕਾਰਡਾਂ ਦੀ ਭਰਮਾਰ ਕਰ ਦਿੱਤੀ।75 ਸਾਲ ਦੀ ਉਮਰ ਪਾਰ ਸੁਪਰਫਿਟ ਗ੍ਰੇਨੀ ਪੈਟ ਰੀਵਸ ਨੂੰ 36 ਸਾਲ ਦੀ ਉਮਰੇ ਪਹਿਲੀ ਵਾਰ ਬ੍ਰੇਨ ਟਿਊਮਰ ਦਾ ਪਤਾ ਲੱਗਾ ਸੀ, ਪਰ ਮਾਯੂਸ ਹੋ ਕੇਹਿੰਮਤ ਹਾਰ ਕੇ ਬੈਠਣ ਦੀ ਥਾਂ ਉਸਨੇ ਲਿਫਟਿੰਗ ਸ਼ੁਰੂ ਕਰ ਦਿੱਤੀ। ਜਿਮ ਵਿੱਚ ਪਸੀਨਾ ਵਹਾਇਆ ਤੇ ਮੌਤ ਨੂੰ ਮਾਤ ਦਿੱਤੀ ਪਰ ਉਸ ਨੂੰ ਦੁਬਾਰਾ ਕੈਂਸਰ ਦਾ ਸਾਹਮਣਾ ਕਰਨਾ ਪਿਆ। 1982 ਤੋਂ ਬਾਅਦ ਤੋਂ ਦੋ ਵਾਰ ਕੈਂਸਰ ਵਰਗੀ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋਈ ਪਰ ਖੁਦ ਨੂੰ ਮਜ਼ਬੂਤ ਬਣਾਈ ਰੱਖਣ ਦੇ ਲਈ ਪਾਵਰ ਲਿਫਟਿੰਗ ਅਤੇ ਮੈਰਾਥਨ ਵਿੱਚ ਇੰਨੀ ਐਕਟਿਵ ਹੋ ਗਈ ਕਿ 200 ਤੋਂ ਜ਼ਿਆਦਾ ਰਿਕਾਰਡ ਤੋੜ ਚੁੱਕੀ ਹੈ। 10 ਸਾਲਾਂ ਤਕ ਨੈਸ਼ਨਲ ਤੇ ਇੰਟਰਨੈਸ਼ਨਲ ਗਲੋਬਲ ਮੁਕਾਬਲਿਆਂ ਵਿੱਚ ਭਾਗ ਲੈ ਕੇ ਆਪਣੇ ਸੁਨਹਿਰੇ ਦਿਨਾਂ ਵਿੱਚ 42 ਕਿਲੋਗ੍ਰਾਮ ਵਰਗ ਵਿੱਚ 135 ਕਿਲੋਗ੍ਰਾਮ ਦੀ ਵੇਟ ਲਿਫਟਿੰਗ ਕੀਤੀ। ਕਿਸਮਤ ਇੱਕ ਵਾਰ ਫਿਰ ਉਸ ਨੂੰ ਅਜਮਾਉਣਾ ਚਾਹੁੰਦੀ ਸੀ ਅਤੇ 48 ਸਾਲ ਦੀ ਉਮਰ ਵਿੱਚ ਫਿਰ ਟਰਮੀਨਲ ਕੈਂਸਰ ਦਾ ਸਾਹ-ਮਣਾ ਕਰਨਾ ਪਿਆ। ਇਸ ਵਾਰ 1993 ਵਿੱਚ ਉਸ ਨੇ ਆਸਟਿਯੋਸਾਰਕੋਮਾ ਹੋ ਗਿਆ, ਜੋ ਇੱਕ ਤਰ੍ਹਾਂ ਦਾ ਹੱਡੀ ਦਾ ਕੈਂਸਰ ਸੀ।ਪੈਟ ਨੇ 2022 ਵਿੱਚ 60 ਕਿਲੋਗ੍ਰਾਮ ਚੁੱਕ ਕੇ ਸਭ ਨੂੰ ਹੈਰਾਨ ਕਰ ਦਿੱਤਾ, ਜੋ ਉਸਦੀ ਉਮਰ ਅਤੇ ਭਾਰ ਵਰਗ ਲਈ ਇੱਕ ਨਵਾਂ ਰਿਕਾਰਡ ਸੀ। 2005 ਵਿੱਚ ਬ੍ਰਿਟਿਸ਼ ਡਰੱਗ ਫਰੀ ਪਾਵਰ ਲਿਫਟਿੰਗ ਐਸੋਸੀਏਸ਼ਨ ਵਿੱਚ ਸ਼ਾਮਲ ਹੋਣ ਪਿੱਛੋਂ ਪੈਟ ਨੇ ਲੱਗਭਗ 200 ਰਿਕਾਰਡ ਤੋੜੇ ਅਤੇ ਉਹ 135 ਕਿਲੋਗ੍ਰਾਮ ਭਾਰ ਚੁੱਕ ਸਕਦੀ ਹੈ।

## ਨਵੇਂ ਮਲਟੀ ਪਲੈਨੇਟ ਸਿਸਟਮ ਦੀ ਖੋਜ, ਧਰਤੀ ਵਰਗੇ ਦੋ ਗ੍ਰਹਿ ਮਿਲੇ

ਵਾਸ਼ਿੰਗਟਨ, 23 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਪੁਲਾੜ ਖੋਜ ਏਜੰਸੀ ਨਾਸਾ ਦੇ ਟ੍ਰਾਂਜਿਟਿੰਗ ਐਕਸਪਲੋਨੈਟ ਦੇ ਸਰਵੇ ਸੈਟੇਲਾਈਟ ਰਾਹੀਂ ਪੁਲਾੜ ਵਿੱਚ ਇੱਕ ਮਲਟੀ ਪਲੈਨੇਟ ਸਿਸਟਮ ਦਾ ਪਤਾ ਲੱਗਾ ਹੈ। ਇਹ ਸਿਸਟਮ ਪ੍ਰਿਥਵੀ ਤੋਂ ਕੇਵਲ 33 ਪ੍ਰਕਾਸ਼ ਸਾਲ ਦੂਰਹੈ। ਇਸ ਵਿੱਚ ਪ੍ਰਿਥਵੀ ਦੇ ਆਕਾਰ ਦੇ ਦੋ ਗ੍ਰਹਿ ਵੀ ਹਨ। ਇਸ ਮਲਟੀ ਪਲੈਨੇਟ ਸਿਸਟਮ ਦੇ ਕੇਂਦਰ ਵਿੱਚ ਛੋਟਾ ਅਤੇ ਠੰਢਾ ਐਮ-ਡਵਾਰਫ ਤਾਰਾ ਹੈ, ਜਿਸ ਦਾ ਨਾਂਅ ਐਚ ਡੀ 260655ਰੱਖਿਆ ਹੈ।



ਐਮ ਆਈ ਟੀ ਦੇ ਪੁਲਾੜ ਮਾਹਰਾਂ ਦਾ ਕਹਿਣਾ ਹੈ ਕਿ ਇਸ ਵਿੱਚ ਪ੍ਰਿਥਵੀ ਜਿੱਡੇ ਦੋ ਗ੍ਰਹਿ ਮੌਜੂਦ ਹਨ। ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਗ੍ਰਹਿ ਰਹਿਣ ਯੋਗ ਨਹੀਂ, ਕਿਉਂਕਿ ਉਨ੍ਹਾਂ ਦਾ ਆਰਬਿਟ ਬਹੁਤ ਤੰਗ ਹੈ, ਜਿਸ ਕਾਰਨ ਗ੍ਰਹਿਆਂ ਦਾ ਤਾਪਮਾਨ ਵੱਧ ਹੈ। ਏਨੇ ਤਾਪਮਾਨ ਦੇ ਕਾਰਨ ਸਤ੍ਹਾ ਉੱਤੇ ਪਾਣੀ ਨਹੀਂ ਹੈ। ਪਹਿਲਾ ਗ੍ਰਹਿ ਹੈ ਐਚ ਡੀ 260655 ਬੀ, ਜੋ ਹਰ 2.8 ਦਿਨਾਂ ਵਿੱਚ ਤਾਰੇ ਦੀ ਪਰਿਕਰਮਾ ਕਰਦਾ ਹੈ। ਇਹ ਪ੍ਰਿਥਵੀ ਤੋਂ ਕਰੀਬ 1.2 ਗੁਣਾ ਵੱਡਾ ਹੈ। ਦੂਸਰਾ ਗ੍ਰਹਿ ਜੋ ਬਾਹਰ ਵੱਲ ਹੈ, ਉਹ ਹੈ ਐਚ ਡੀ 260655 ਸੀ। ਇਹ ਹਰ 5.7 ਦਿਨ ਵਿੱਚ ਤਾਰੇ ਦੀ ਪਰਿਕਰਮਾ ਕਰਦਾ ਹੈ। ਇਹ ਪ੍ਰਿਥਵੀ ਤੋਂ 1.5 ਗੁਣਾ ਵੱਡਾ ਹੈ। ਇਸ ਦੇ ਇਲਾਵਾ ਪਤਾ ਲੱਗਾ ਹੈ ਕਿ ਇਹ ਦੋਵੇਂ ਗ੍ਰਹਿ ਚੱਟਾਨ ਦੇ ਬਰਾਬਰ ਹਨ। ਮਲਟੀ ਪਲੈਨੇਟ ਸਿਸਟਮ ਦੀ ਖੋਜ ਤੋਂ ਵਿਗਿਆਨੀ ਕਾਫੀ ਉਤਸ਼ਾਹਤ ਹਨ। ਉਨ੍ਹਾ ਦਾ ਮੰਨਣਾ ਹੈ ਕਿ ਇਸ ਸਿਸਟਮ ਨਾਲ ਧਰਤੀ ਦੇ ਆਸਪਾਸ ਦੇ ਇਲਾਕਿਆਂ ਨੂੰ ਬਿਹਤਰ ਸਮਝਣ ਵਿੱਚ ਮਦਦ ਮਿਲੇਗੀ।

ਕੈਲੀਫੋਰਨੀਆ ਦੇ ਪਾਸਾਡੇਨਾ ਵਿੱਚ ਅਮਰੀਕਨ ਐਸਟਰੋਨਾਮੀਕਲ ਸੋਸਾਇਟੀ ਦੀ ਬੈਠਕ ਵਿੱਚ ਵਿ-ਗਆਨਕ ਖੋਜ ਦੇ ਨਤੀਜਿਆਂ ਦੇ ਬਾਰੇ ਦਸਿਆ ਜਾਏਗਾ।ਰਿਸਰਚ ਟੀਮ ਦੇ ਇੱਕ ਮੈਂਬਰ ਦਾ ਕਹਿਣਾ ਹੈ ਕਿ ਇਸ ਸਿਸਟਮ ਵਿੱਚ ਦੋਵਾਂ ਗ੍ਰਹਿਆਂ ਨੂੰ ਉਨ੍ਹਾਂ ਦੇ ਤਾਰੇ ਦੀ ਚਮਕ ਕਾਰਨ ਵਾਯੂ ਮੰਡਲੀ ਰਿਸਰਚ ਲਈ ਸਭ ਤੋਂ ਵਧੀਆ ਟੀਚਾ ਮੰਨਿਆ ਜਾ ਰਿਹਾ ਹੈ। ਇਨ੍ਹਾਂ ਗ੍ਰਹਿਆਂ ਦੇ ਚਾਰੇ ਪਾਸੇ ਵਾਤਾਵਰਣ ਕਿੱਦਾਂ ਦਾ ਹੈ, ਕੀ ਇਥੇ ਪਾਣੀ ਹੈ ਜਾਂ ਇੱਥੇ ਕਾਰਬਨ ਆਧਾਰ ਨਸਲਾਂ ਹਨ, ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਵਿਗਿਆਨੀ ਹੁਣ ਇਨ੍ਹਾਂ ਦੀ ਰਿਸਰਚ ਕਰਨਗੇ।

## ਅਮਰੀਕਾ ਵਿੱਚ ਭਾਰਤੀ ਸਾਫ਼ਟਵੇਅਰ ਇੰਜੀਨੀਅਰ ਦਾ ਕਤਲ

ਵਾਸ਼ਿੰਗਟਨ, 23 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਮੈਰੀਲੈਂਡ ਸੂਬੇ ਦੇ ਬਾਲਟੀਮੋਰ ਸ਼ਹਿਰ ਵਿੱਚ ਤੇਲੰਗਾਨਾ ਤੋਂ ਗਏ ਇੱਕ 26 ਸਾਲਾ ਸਾਫ਼ਟਵੇਅਰ ਇੰਜੀਨੀਅਰ ਨੂੰ ਉਸਦੀ ਗੱਡੀ ਦੇ ਅੰਦਰ ਇੱਕ ਅਣਪਛਾਤੇ ਵਿਅਕਤੀ ਨੇ ਗੋਲੀ ਮਾਰ ਕੇ ਮਾਰ ਦਿੱਤਾ। ਤੇਲੰਗਾਨਾ ਦੇ ਨਲਗੋਂਡਾ ਜ਼ਿਲ੍ਹੇ ਦੇ ਰਹਿਣ ਵਾਲੇ ਨਿੱਕਾ ਸਾਈ ਚਰਨ (26) ਦੀ ਓਥੇ ਹੀਮੌਤ ਹੋ ਗਈ।ਉਸ ਦੇ ਅਮਰੀਕਾ ਵਿਚਲੇ ਦੋਸਤਾਂ ਨੇ ਉਸ ਦੇ ਪਰਵਾਰ ਨੂੰ ਘਟਨਾ ਦੀ ਜਾਣਕਾਰੀ ਦਿੱਤੀ।



ਮੈਰੀਲੈਂਡ ਟਰਾਂਸਪੋਰਟੇਸ਼ਨ ਅਥਾਰਟੀ ਪੁਲਸ ਦੇ ਅਨੁਸਾਰ ਉਸ ਨੂੰ ਕੱਲ੍ਹ ਸਵੇਰੇ 4.32 ਵਜੇ ਪੂਰਬੀ ਤੱਟ ਉੱਤੇ ਮੁੱਖ ਉਤਰ-ਦੱਖਣੀ ਅੰਤਰਰਾਜੀ ਹਾਈਵੇਅ, ਇੰਟਰਸਟੇਟ 95 ਦੇ ਕੈਟਨ ਐਵੇਨਿਊ ਐਗਜ਼ਿਟ ਉੱਤੇ ਸਿੰਗਲ-ਵਾਹਨ ਦੀ ਟੱਕਰ ਦੀ ਸੂਚਨਾ ਮਿਲੀ। 2022 ਦੀ ਸਿਲਵਰ ਦੀ ਹੁੰਡਈ ਟਕਸਨ ਵਿੱਚ ਨੱਕਾ ਸਾਈ ਚਰਨ ਜ਼ਖ਼ਮੀ ਪਿਆ ਸੀ। ਉਸ ਨੂੰ ਮੈਰੀਲੈਂਡ ਯੂਨੀਵਰਸਿਟੀ ਦੇ ਆਰ ਐਡਮਜ਼ ਕਾਉਲੇ ਸ਼ੌਕ ਟਰੌਮਾ ਸੈਂਟਰ ਵਿੱਚ ਟਰਾਂਸਫ਼ਰ ਕਰ ਦਿੱਤਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਇਲਾਜ ਵੇਲੇ ਡਾਕਟਰਾਂ ਨੂੰ ਪਤਾ ਲੱਗਾ ਕਿ ਚਰਨ ਦੇ ਸਿਰ ਵਿੱਚ ਗੋਲੀ ਲੱਗੀ ਹੈ। ਐਮ ਡੀ ਟੀ ਏ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਦੋ ਘੰਟੇ ਤੋਂ ਵੀ ਘੱਟ ਸਮੇਂ 'ਚ ਉਸ ਦੀ ਮੌਤ ਹੋ ਗਈ।

## ਟੋਕੀਓ ਖੇਡਾਂ ਅੱਜ ਤਕ ਦੀਆਂ ਸਭ ਤੋਂ ਖਰਚੀਲੀਆਂ ਓਲੰਪਿਕ ਖੇਡਾਂ

ਟੋਕੀਓ, 23 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਮਾਰੀ ਕਾਰਨ ਇੱਕ ਸਾਲ ਦੀ ਦੇਰੀ ਨਾਲ ਹੋਈਆਂ ਟੋਕੀਓ ਓਲੰਪਿਕ ਖੇਡਾਂ ਅੱਜ ਤਕ ਦੀਆਂ ਸਭ ਤੋਂ ਮਹਿੰਗੀਆਂ ਓਲੰਪਿਕ ਖੇਡਾਂ ਸਨ, ਜਿਸ ਵਿੱਚ 2013 ਵਿੱਚ ਮੇਜ਼ਬਾਨੀ ਮਿਲਣ ਦੇ ਸਮੇਂ ਲਾਏ ਗਏ ਅੰਦਾਜ਼ੇ ਤੋਂ ਲੱਗਭਗ ਦੁੱਗਣਾ ਖਰਚਾ ਹੋਇਆ ਹੈ। ਟੋਕੀਓ ਖੇਡਾਂ ਦੇ ਆਯੋਜਨ ਵਿੱਚ ਲੱਗਭਗ 1.42 ਟ੍ਰਿਲੀਅਨ ਯੇਨ ਖਰਚ ਹੋਏ। ਟੋਕੀਓ ਓਲੰਪਿਕ ਅਧਿਕਾਰੀਆਂ ਨੇ ਕੱਲ੍ਹ ਇਸਦੀ ਮੀਟਿੰਗ ਕੀਤੀ, ਜਿਸ ਵਿੱਚ ਇਨ੍ਹਾਂ ਖੇਡਾਂ ਨਾਲ ਜੁੜੇ ਖਰਚੇ ਦਾ ਬਿਓਰਾ ਦਿੱਤਾ ਗਿਆ। ਇਸ ਆਯੋਜਨ ਕਮੇਟੀ ਨੂੰ ਇਸ ਮਹੀਨੇ ਦੇ ਆਖਰ ਵਿੱਚ ਬੰਦ ਕਰ ਦਿੱਤਾ ਜਾਵੇਗਾ। ਡਾਲਰ ਅਤੇ ਜਾਪਾਨ ਦੀ ਕਰੰਸੀ ਯੇਨ ਵਿਚਾਲੇ ਐਕਸਚੇਂਜ ਦਰ ਵਿੱਚ ਤਾਜ਼ਾ ਉਤਾਰ-ਚੜਾਅ ਕਾਰਨ ਹਾਲੇ ਲਾਗਤ ਦੀ ਗਣਨਾ ਕਰਨਾ ਚੁਣੌਤੀਪੂਰਨ ਹੈ। ਪਿਛਲੇ ਸਾਲ ਜਦੋਂ ਖੇਡਾਂ ਦਾ ਆਯੋਜਨ ਸ਼ੁਰੂ ਹੋਇਆ ਤਾਂ ਇੱਕ ਡਾਲਰ ਲੱਗਭਗ 110 ਯੇਨ ਦੇ ਬਰਾਬਰ ਸੀ ਜਦਕਿ ਕੱਲ੍ਹ ਇਹ 135 ਯੇਨ ਦੇ ਨੇੜੇ ਰਿਹਾ। ਇਹ ਯੇਨ ਦੇ ਮੁਕਾਬਲੇ ਡਾਲਰ ਦਾ ਲੱਗਭਗ 25 ਸਾਲਾਂ ਦੇ ਉਚ ਪੱਧਰ ਉੱਤੇ ਹੈ।ਜਦੋਂ ਇਹ ਖੇਡਾਂ ਖਤਮ ਹੋਈਆਂ ਤਾਂ ਆਯੋਜਕਾਂ ਨੇ ਇਸ ਵਿੱਚ 15.4 ਬਿਲੀਅਨ ਡਾਲਰ ਖਰਚ ਦਾ ਅੰਦਾਜ਼ਾ ਲਾਇਆ ਸੀ। ਇਸਦੇ ਚਾਰ ਮਹੀਨੇ ਬਾਅਦ ਆਯੋਜਕਾਂ ਨੇ ਕਿਹਾ ਕਿ ਲਾਗਤ 13.6 ਬਿਲੀਅਨ ਡਾਲਰ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ੰਸਕਾਂ ਦੇ ਸਟੇਡੀਅਮ ਵਿੱਚ ਨਾ ਹੋਣ ਨਾਲ ਇਸ ਵਿੱਚ ਵੱਡੀ ਬੱਚਤ ਹੋਈ ਹੈ। ਸੁਰੱਖਿਆ ਲਾਗਤ, ਸਥਾਨ ਦੇ ਰੱਖ-ਰਖਾਅ ਦਾ ਖਰਚ ਘੱਟ ਰਿਹਾ ਹੈ। ਇਸ ਨਾਲ ਆਯੋਜਕਾਂ ਨੂੰ ਟਿਕਟ ਵਿਕਰੀ ਤੋਂ ਹੋਣ ਵਾਲੀ ਕਮਾਈ ਦਾ ਨੁਕਸਾਨ ਵੀ ਹੋਇਆ ਹੈ।

## ਰੂਸੀ ਪੱਤਰਕਾਰ ਨੇ ਯੂਕਰੇਨੀ ਬੱਚਿਆਂ ਲਈ ਆਪਣਾ ਨੋਬੇਲ ਵੇਚਿਆ

ਨਿਊਯਾਰਕ (ਅਮਰੀਕਾ), 23 ਜੂਨ (ਪੋਸਟ ਬਿਊਰੋ)- ਰੂਸ ਦੇ ਪੱਤਰਕਾਰ ਦਮਿੱਤਰੀ ਮੁਰਾਤੋਵ ਨੇ ਸ਼ਾਂਤੀ ਲਈ ਮਿਲਿਆ ਆਪਣਾ ਨੋਬੇਲ ਪੁਰਸਕਾਰ ਬੀਤੀ ਰਾਤ ਨੀਲਾਮ ਕਰ ਦਿੱਤਾ। ਨੀਲਾਮੀ ਦੀ ਰਕਮ ਯੂਕਰੇਨ ਵਿੱਚ ਜੰਗ ਕਾਰਨ ਬੇਘਰ ਹੋਏ ਬੱਚਿਆਂ ਦੀ ਮਦਦ ਲਈ ਯੂਨੀਸੈਫ ਨੂੰ ਦਿੱਤੀ ਜਾਵੇਗੀ। ਅਕਤੂਬਰ 2021 ਵਿੱਚ ਸੋਨ ਤਮਗੇ ਨਾਲ ਸਨਮਾਨਤ ਮੁਰਾਤੋਵ ਨੇ ਆਜ਼ਾਦ ਰੂਸੀ ਅਖਬਾਰ 'ਨੋਵ-ਾਇਆ ਗਜ਼ਟ' ਦੀ ਸਥਾਪਨਾ ਕੀਤੀ ਤੇ ਉਹ ਮਾਰਚ ਵਿੱਚ ਅਖਬਾਰ ਬੰਦ ਹੋਣ ਵੇਲੇ ਇਸ ਦਾ ਮੁੱਖ ਸੰਪਾਦਕ ਸੀ। ਯੂਕਰੇਨ ਉੱਤੇ ਰੂਸ ਦੇ ਹਮਲੇ ਦੇ ਕਾਰਨ ਜਨਤਕ ਨਾਰਾਜ਼ਗੀ ਨੂੰ ਦੱਬਣ ਅਤੇ ਪੱਤਰਕਾਰਾਂ ਉੱਤੇ ਰੂਸੀ



ਕਾਰਵਾਈ ਦੇ ਮੱਦੇਨਜ਼ਰ ਇਹ ਅਖਬਾਰ ਬੰਦ ਕਰ ਦਿੱਤਾ ਗਿਆ ਸੀ।

ਮੁਰਾਤੋਵ ਨੇ ਪੁਰਸਕਾਰ ਦੀ ਨੀਲਾਮੀ ਤੋਂ ਮਿਲੀ 5,00,000 ਡਾਲਰ ਦੀ ਰਕਮ ਚੈਰਿਟੀ ਲਈ ਦਾਨ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਦਾਨ ਦਾ ਉਦੇਸ਼ 'ਸ਼ਰਨਾਰਥੀ ਬੱਚਿਆਂ ਨੂੰ ਭਵਿੱਖ ਦਾ ਮੌਕਾ ਦੇਣਾ ਹੈ।' ਮੁਰਾਤੋਵ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਉਹ ਖਾਸ ਤੌਰ ਉੱਤੇ ਉਨ੍ਹਾਂ ਬੱਚਿਆਂ ਲਈ ਚਿੰਤਤ ਹੈ, ਜੋ ਯੂਕਰੇਨ ਵਿੱਚ ਜੰਗ ਕਰ ਕੇ ਅਨਾਥ ਹੋ ਗਏ। ਉਨ੍ਹਾਂ ਇਹ ਵੀ ਕਿਹਾ ਕਿ ਰੂਸ ਖਿਲਾਫ ਕੌਮਾਂਤਰੀ ਪਾਬੰਦੀਆਂ ਹੇਠ ਮਨੁੱਖੀ ਮਦਦ ਨਹੀਂ ਰੋਕੀ ਜਾਣੀ ਚਾਹੀਦੀ, ਜਿਵੇਂ ਗੰਭੀਰ ਬਿਮਾਰੀਆਂ ਅਤੇ ਬੋਨ ਮੈਰੋ ਟਰਾਂਸਪਲਾਂਟ ਲਈ ਦਵਾਈਆਂ। ਇਹ ਮਦਦ ਲੋੜਵੰਦ ਤਕ ਪਹੁੰਚਣੀ ਚਾਹੀਦੀ ਹੈ। ਉਨ੍ਹਾਂ ਕਿਹਾ, ''ਅਸੀਂ ਉਨ੍ਹਾਂ ਦਾ ਭਵਿੱਖ ਮੋੜਨਾ ਚਾਹੁੰਦੇ ਹਾਂ।''

ਮੁਰਾਤੋਵ ਨੇ ਹੈਰੀਟੇਜ ਆਕਸ਼ਨਜ਼ ਵੱਲੋਂ ਜਾਰੀ ਵੀਡੀਓ ਵਿੱਚ ਕਿਹਾ ਕਿ ਇਸ ਕਦਮ ਨੂੰ ਸ਼ੁਰੂਆਤ ਬਣਨ ਦਿਓ ਤਾਂ ਜੋ ਲੋਕ ਇਸ ਨੂੰ ਮਿਸਾਲ ਵਜੋਂ ਲੈ ਕੇ ਯੂਕਰੇਨੀਆਂ ਦੀ ਮਦਦ ਲਈ ਆਪਣੀਆਂ ਕੀਮਤੀ ਵਸਤਾਂ ਵੇਚਣ ਲਈ ਅੱਗੇ ਆਉਣ।

## ਗਰਭਵਤੀ ਔਰਤ ਦੇ ਬੱਚੇ ਦਾ ਸਿਰ ਕੱਟ ਕੇ ਗਰਭ ਵਿੱਚ ਛੱਡਿਆ

* ਪਾਕਿਸਤਾਨ ਦੇ ਪੇਂਡੂ ਸਿਹਤ ਕੇਂਦਰ ਵਿੱਚ ਘਟਨਾ

ਕਰਾਚੀ, 23 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਦੇ ਇੱਕ ਪੇਂਡੂ ਸਿਹਤ ਕੇਂਦਰ ਦੇ ਸਟਾਫ ਵਾਲਿਆਂ ਦੀ ਲਾਪਰਵਾਹੀ ਦਾ ਕੇਸ ਸਾਹਮਣੇ ਆਇਆ ਹੈ। ਇਲਾਜ ਦੌਰਾਨ ਗਰਭ ਵਿੱਚ ਪਲਦੇ ਬੱਚੇ ਦਾ ਸਿਰ ਵੱਢ ਕੇ ਉਸ ਨੂੰ ਮਹਿਲਾ ਦੇ ਗਰਭ ਵਿੱਚ ਹੀ ਛੱਡ ਦਿੱਤਾ। ਇਸ ਨਾਲ 32 ਸਾਲਾ ਹਿੰਦੂ ਮਹਿਲਾ ਦੀ ਹਾਲਤ ਮਰਨਾਊ ਹੋ ਗਈ ਸੀ। ਬਾਅਦ ਵਿੱਚ ਕਿਸੇ ਤਰ੍ਹਾਂ ਡਾਕਟਰਾਂ ਨੇ ਉਸ ਦੀ ਜਾਨ ਬਚਾਈ। ਸਿੰਧ ਸਰਕਾਰ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਦੀ ਤਹਿ ਤਕ ਜਾਣ ਤੇ ਦੋਸ਼ੀਆਂ ਦਾ ਪਤਾ ਲਾਉਣ ਲਈ ਇੱਕ ਮੈਡੀਕਲ ਜਾਂਚ ਬੋਰਡ ਬਣਾਇਆ ਹੈ।



ਜਮਸ਼ੋਰੋ ਵਿੱਚ ਲਿਆਕਤ ਯੂਨੀਵਰਸਿਟੀ ਆਫ ਮੈਡੀਕਲ ਐਂਡ ਹੈਲਥ ਸਾਇੰਸਿਜ਼ (ਐਲ ਯੂ ਐਮ ਐਚ ਐਸ) ਦੇ ਇਸਤਰੀ ਰੋਗ ਵਿਭਾਗ ਦੇ ਮੁਖੀ ਪ੍ਰੋਫੈਸਰ ਰਾਹੀਲ ਸਿਕੰਦਰ ਨੇ ਦੱਸਿਆ ਕਿ ਭੀਲ ਹਿੰਦੂ ਔਰਤ ਥਾਰਪਾਕਰ ਜ਼ਿਲ੍ਹੇ ਦੇ ਇੱਕ ਦੂਰ ਦੁਰ-ਾਡੇ ਪਿੰਡ ਦੀ ਰਹਿਣ ਵਾਲੀ ਹੈ। ਉਹ ਆਪਣੇ ਖੇਤਰ ਵਿੱਚਲੇ ਇੱਕ ਪੇਂਡੂ ਸਿਹਤ ਕੇਂਦਰ (ਆਰ ਐਚ ਸੀ) ਵਿੱਚ ਗਈ ਸੀ, ਪਰ ਕੋਈ ਮਹਿਲਾ ਇਸਤਰੀ ਰੋਗ ਮਾਹਰ ਨਾ ਹੋਣ ਕਾਰਨ ਗੈਰ ਤਜਰਬੇਕਾਰ ਨੇ ਇਸ ਦਾ ਇਲਾਜ ਸ਼ੁਰੂ ਕਰ ਦਿੱਤਾ। ਆਰ ਐਚ ਸੀ ਦੇ ਕਰਮਚਾਰੀਆਂ ਨੇ ਐਤਵਾਰ ਨੂੰ ਹੋਈ ਸਰਜਰੀ ਦੌਰਾਨ ਮਾਂ ਦੇ ਗਰਭ ਵਿੱਚ ਪਲਦੇ ਬੱਚੇ ਦਾ ਲਾਪਰਵਾਹੀ ਨਾਲ ਸਿਰ ਵੱਢ ਦਿੱਤਾ ਤੇ ਉਸ ਨੂੰ ਅੰਦਰ ਛੱਡ ਦਿੱਤਾ। ਇਸ ਦੌਰਾਨ ਮਹਿਲਾ ਦੀ ਹਾਲਤ ਵਿਗੜ ਗਈ। ਉਸ ਤੋਂ ਬਾਅਦ ਉਸ ਨੂੰ ਮੀਠੀ ਦੇ ਨੇੜਲੇ ਹਸਪਤਾਲ ਲਿਜਾਇਆ ਗਿਆ, ਪਰ ਉਥੇ ਇਸ ਦੇ ਇਲਾਜ ਲਈ ਕੋਈ ਸਹੂਲਤ ਨਹੀਂ ਸੀ। ਫਿਰ ਉਸ ਦਾ ਪਰਵਾਰ ਉਸ ਨੂੰ ਐਲ ਯੂ ਐਮ ਐਚ ਐਸ ਲਿਆਇਆ। ਇੱਥੇ ਨਵਜੰਮੇ ਬੱਚੇ ਦਾ ਬਾਕੀ ਸਰੀਰ ਮਾਂ ਦੇ ਗਰਭ ਤੋਂ ਕੱਢ ਲਿਆ ਗਿਆ ਤੇ ਉਸ ਦੀ ਜਾਨ ਬਚ ਗਈ। ਸਿਕੰਦਰ ਨੇ ਕਿਹਾ ਕਿ ਬੱਚੇ ਦਾ ਸਿਰ ਅੰਦਰ ਫਸਿਆ ਹੋਇਆ ਸੀ ਤੇ ਮਾਂ ਦੀ ਬੱਚੇਦਾਨੀ ਟੁੱਟ ਗਈ ਸੀ ਤੇ ਉਨ੍ਹਾਂ ਨੂੰ ਉਸ ਦੀ ਜਾਨ ਬਚਾਉਣ ਲਈ ਉਸਦਾ ਪੇਟ ਖੋਲ੍ਹਣਾ ਪਿਆ ਤੇ ਸਿਰ ਬਾਹਰ ਕੱਢਣਾ ਪਿਆ। ਇਸ ਜ਼ਬਰਦਸਤ ਗਲਤੀ ਲਈ ਸਿੰਧ ਸਿਹਤ ਸੇਵਾ ਦੇ ਡਾਇਰੈਕਟਰ ਜਨਰਲ ਡਾਕਟਰ ਜੁਮਾਨ ਬਹੋਤੋ ਨੇ ਵੱਖਰੇ ਤੌਰ ਉੱਤੇ ਮਾਮਲੇ ਦੀ ਜਾਂਚ ਦਾ ਹੁਕਮ ਦਿੱਤਾ ਹੈ।

## ਕੋਲੰਬੀਆ ਨੇ ਪਹਿਲੀ ਵਾਰ ਖੱਬੇ ਪੱਖੀ ਆਗੂ ਨੂੰ ਰਾਸ਼ਟਰਪਤੀ ਚੁਣਿਆ



ਬੋਗੋਟਾ (ਕੋਲੰਬੀਆ), 23 ਜੂਨ (ਪੋਸਟ ਬਿਊਰੋ)- ਕੋਲੰਬੀਆ ਵਿੱਚ ਖੱਬੇ ਪੱਖੀ ਆਗੂ ਗੁਸਤਾਵੋ ਪੈਟਰੋ ਨੇ ਦੇਸ਼ ਵਿੱਚ ਰਾਸ਼ਟਰਪਤੀ ਦੇ ਅਹੁਦੇ ਦੀਆਂ ਚੋਣਾਂ ਵਿੱਚ ਅਰਬਪਤੀ ਰੀਅਲ ਅਸਟੇਟ ਕਾਰੋਬਾਰੀ ਰੋਡੌਲਫੋ ਹਰਨਾਂਡੇਜ਼ ਨੂੰ ਸਖਤ ਮੁਕਾਬਲੇ ਵਿੱਚ ਹਰਾ ਕੇ ਜਿੱਤ ਦਰਜ ਕੀਤੀ ਹੈ। ਇਹ ਪਹਿਲੀ ਵਾਰ ਹੈ ਕਿ ਕੋਲੰਬੀਆ ਦੇ ਲੋਕਾਂ ਨੇ ਦੇਸ਼ ਦੇ ਰਿਵਾਇਤੀ ਸਿਆਸਤਦਾਨਾਂ ਨੂੰ ਛੱਡ ਕੇ ਕਿਸੇ ਖੱਬੇ ਪੱਖੀ ਆਗੂ ਨੂੰ ਰਾਸ਼ਟਰਪਤੀ ਚੁਣਿਆ ਹੈ।

ਚੋਣ ਅਧਿਕਾਰੀਆਂ ਵੱਲੋਂ ਜਾਰੀ ਨਤੀਜਿਆਂ ਅਨੁਸਾਰ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਤੀਜੀ ਕੋਸ਼ਿਸ਼ ਵਿੱਚ ਪੈਟਰੋ ਨੂੰ ਐਤਵਾਰ ਨੂੰ 50.48 ਫੀਸਦੀ ਅਤੇ ਉਨ੍ਹਾਂ ਦੇ ਵਿਰੋਧੀ ਰੋਡੌਲਫੋ ਹਰਨਾਂਡੇਜ਼ ਨੂੰ 47.26 ਫੀਸਦੀ ਵੋਟਾਂ ਮਿਲੀਆਂ। ਇਹ ਚੋਣਾਂ ਓਦੋਂ ਹੋਈਆਂ ਹਨ, ਜਦੋਂ ਕੋਲੰਬੀਆ ਵਧਦੀ ਅਸਮਾਨਤਾ, ਮਹਿੰਗਾਈ ਤੇ ਹਿੰਸਾ ਨਾਲ ਜੂਝ ਰਿਹਾ ਹੈ। ਲਾਤੀਨੀ ਅਮਰੀਕਾ ਦੇ ਇਸ ਤੀਜੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਿੱਚ ਪੈਟਰੋ ਦੀ ਜਿੱਤ ਨੇ ਦੇਸ਼ ਦੀ ਅੱਧ ਸਦੀ ਦੇ ਹਥਿਆਰਬੰਦ ਸੰਘਰਸ਼ ਵਿੱਚ ਖੱਬੀਆਂ ਧਿਰਾਂ ਦੇ ਸਹਿਯੋਗ ਸਬੰਧੀ ਧਾਰਨਾ ਨੂੰ ਤੋੜਿਆ ਹੈ।ਨਵੇਂ ਚੁਣੇ ਰਾਸ਼ਟਰਪਤੀ ਅੱਜਕੱਲ੍ਹ ਖਤਮ ਹੋ ਚੁੱਕੇ 'ਐਮ-19' ਅੰਦੋਲਨ ਵਿੱਚ ਸ਼ਾਮਲ ਰਹੇ ਸਨ ਅਤੇ ਗਰੁੱਪ ਨਾਲ ਭਾਗੀਦਾਰੀ ਦੇ ਦੋਸ਼ ਹੇਠ ਜੇਲ੍ਹ ਦੀ ਸਜ਼ਾ ਤੋਂ ਬਾਅਦ ਉਨ੍ਹਾਂ ਨੂੰ ਮੁਆਫੀ ਦਿੱਤੀ ਗਈ ਸੀ। ਉਨ੍ਹਾਂ ਨੇ ਐਤਵਾਰ ਆਪਣੇ ਜੇਤੂ ਸੰਬੋਧਨ ਦੌਰਾਨ ਇਕਜੁੱਟਤਾ ਦੀ ਅਪੀਲ ਕੀਤੀ ਆਪਣੇ ਕੁਝ ਆਲੋਚਕਾਂ ਲਈ ਕਿਹਾ ਕਿ ਵਿਰੋਧੀ ਧਿਰ ਦੇ ਸਾਰੇ ਮੈਂਬਰਾਂ ਦਾ ਰਾਸ਼ਟਰਪਤੀ ਮਹਿਲ ਵਿੱਚ 'ਕੋਲੰਬੀਆ ਦੀਆਂ ਸਮੱਸਿਆਵਾਂ ਉੱਤੇ ਚਰਚਾ ਕਰਨ ਲਈ' ਸਵਾਗਤ ਕੀਤਾ ਜਾਵੇਗਾ।

## ਮਾਲਦੀਵ ਵਿੱਚ ਯੋਗਾ ਕਰਦੇ ਲੋਕਾਂ ਉਤੇ ਇਸਲਾਮੀ ਕਟੜਪੰਥੀਆਂ ਦਾ ਹਮਲਾ

ਮਾਲੇ, 23 ਜੂਨ (ਪੋਸਟ ਬਿਊਰੋ)- ਕੱਲ੍ਹਦੁਨੀਆਭਰ ਵਿੱਚ 8ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆਤਾਂ ਇਸ ਮੌਕੇ ਮਾਲਦੀਵ ਦੀ ਰਾਜਧਾਨੀ ਮਾਲੇ ਦੇ ਗਾਲੋਹੂ ਨੈਸ਼ਨਲ ਫੁੱਟਬਾਲ ਸਟੇਡੀਅਮ ਵਿੱਚ ਯੋਗ ਕਾਰਜਕ੍ਰਮ ਕੀਤਾ ਜਾ ਰਿਹਾ ਸੀ। ਇਸ ਮੌਕੇ ਇਸਲਾਮਿਕ ਕਟੜਪੰਥੀਆਂ ਦੇ ਇੱਕ ਗਰੁੱਪ ਨੇ ਸਟੇਡੀਅਮ ਉੱਤੇ ਹਮਲਾ ਕਰ ਦਿੱਤਾ।



ਕਾਰਜਕ੍ਰਮ ਦੇ ਦੌਰਾਨ ਅਚਾਨਕ 100 ਤੋਂ ਵੱਧ ਲੋਕ ਸਟੇਡੀਅਮ ਵਿੱਚ ਝੰਡਾ ਲੈ ਕੇ ਦੌੜਦੇ ਹੋਏ ਆਏ ਅਤੇ ਲੋਕਾਂ ਨੂੰ ਭੱਜਾ ਦਿੱਤਾ। ਇਸ ਦੌਰਾਨ ਕੱਟੜਪੰਥੀਆਂ ਨੇ ਸਟੇਡੀਅਮ ਵਿੱਚ ਲੱਗੇ ਯੋਗ ਨਾਲ ਜੁੜੇ ਪੋਸਟਰ ਬੈਨਰ ਅਤੇ ਬੋਰਡ ਤੋੜ ਦਿੱਤਾ। ਇਹੀ ਨਹੀਂ ਇਨ੍ਹਾਂ ਲੋਕਾਂ ਨੇ ਕੈਮਰੇ ਵਿੱਚ ਰਿਕਾਰਡਿੰਗ ਕਰ ਰਹੇ ਲੋਕਾਂ ਉੱਤੇ ਵੀ ਹਮਲਾ ਬੋਲਿਆ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਟੜਪੰਥੀਆਂ ਨੇ ਆਪਣੇ ਹੱਥਾਂ ਵਿੱਚ ਕੁਝ ਤਖਤੀਆਂ ਤੇ ਪੋਸਟਰ ਫੜੇ ਹਨ। ਇਸ ਉੱਤੇ ਯੋਗ ਦੇ ਵਿਰੁੱਧ ਵਿੱਚ ਨਾਅਰੇ ਲਿਖੇ ਗਏ ਸਨ ਅਤੇ ਅੰਗ੍ਰੇਜ਼ੀ ਵਿੱਚ ਲਿਖਿਆ ਸੀ: ਯੋਗ ਇਜ਼ ਸ਼ਿਰਕ ਯਾਨੀ ਇਸਲਾਮ ਵਿੱਚ ਯੋਗ ਕਰਨਾ ਪਾਪ ਹੈ। ਇਸ ਕੇਸ ਬਾਰੇ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮਾਲਦੀਵ ਦੇ ਰਾਸ਼ਟਰਪਤੀ ਇਬ੍ਰਾਹਿਮ ਮੁਹੰਮਦ ਸੋਲਿਹ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਮਾਲਦੀਵ ਦੀ ਪੁਲਸ ਨੇ ਸਵੇਰੇ ਗਾਲੋਹੂ ਸਟੇਡੀਅਮ ਵਿੱਚ ਹੋਈ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਇਸਦੇ ਲਈ ਜ਼ਿੰਮੇਦਾਰ ਲੋਕਾਂ ਨੂੰ ਕਾਨੂੰਨ ਦੇ ਸਾਹਮਣੇ ਲਾਇਆ ਜਾਵੇਗਾ।


TEAM 4 ENTERTAINMENT & TRANS 99 PRESENT
UDIT NARAYAN
ALKA YAGNIK
KUMAR SANU
Team 4 entertainment inc
SHOWFEST
TRANS 99 LOGISTICS
REWIND
SAT, JULY 2, 2022
CAA CENTRE, BRAMPTON
BOOK YOUR TICKETS AT:
WWW.TICKETMASTER.CA
FOR SPONSORSHIP OR MORE INFO
647.400.6862 | 905.793.1234
TransExpert
Road Link
AUTOBAHN
MAGNUS FURNITURE
RPD
G MEDIA GROUP

# ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖ਼ਿਲਾਫ਼ ਵੱਡੀ ਕਾਰਵਾਈ, ਐਂਟੀ ਕੁਰੱਪਸ਼ਨ ਹੈਲਪਲਾਈਨ ਨੇ ਵੱਢੀਖੋਰਾਂ ਉਤੇ ਕੱਸਿਆ ਸ਼ਿਕੰਜਾ

## * ਹੁਣ ਤੱਕ 28 ਐਫ.ਆਈ.ਆਰ. ਦਰਜ, 45 ਵਿਅਕਤੀ ਕੀਤੇ ਗ੍ਰਿਫ਼ਤਾਰ

ਚੰਡੀਗੜ, 23 ਜੂਨ (ਪੋਸਟ ਬਿਊਰੋ) ਭ੍ਰਿਸ਼ਟਾਚਾਰ ਨੂੰ ਕਤਈ ਬਰਦਾਸ਼ਤ ਨਾ ਕਰਨ ਦੀ ਰਣਨੀਤੀ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਨੇ ਆਪਣੇ ਕਾਰਜਕਾਲ ਦੇ ਥੋੜੇ ਸਮੇਂ ਵਿੱਚ ਹੁਣ ਤੱਕ 45 ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਤੇ ਹੋਰਾਂ ਨੂੰ ਵੱਢੀਖੋਰੀ ਦੇ ਦੋਸ਼ ਹੇਠ ਕਾਬੂ ਕੀਤਾ ਹੈ।

ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਮੁੱਖ ਮੰਤਰੀ ਨੇ ਲੋਕਾਂ ਨਾਲ ਭ੍ਰਿਸ਼ਟਾਚਾਰ ਮੁਕਤ, ਪਾਰਦਰਸ਼ੀ ਤੇ ਸਾਫ਼-ਸੁਥਰਾ ਪ੍ਰਸ਼ਾਸਨ ਦੇਣ ਦਾ ਵਾਅਦਾ ਕੀਤਾ ਸੀ ਅਤੇ ਇਸ ਲਈ ਕਈ ਕਦਮ ਚੁੱਕੇ ਗਏ ਹਨ। ਉਨਾਂ ਭ੍ਰਿਸ਼ਟਾਚਾਰ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਵਾਉਣ ਲਈ ਲੋਕਾਂ ਦੀ ਸਹੂਲਤ ਵਾਸਤੇ ਵਟਸਐਪ ਆਧਾਰਤ ਇਕ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਸੀ। ਇਹ ਹੈਲਪਲਾਈਨ ਵਰਦਾਨ ਸਾਬਤ ਹੋਈ ਹੈ ਕਿਉਂਕਿ ਲੋਕ ਇਸ ਦੀ ਵਰਤੋਂ ਭ੍ਰਿਸ਼ਟਾਚਾਰ ਦੀ ਜੜ ਵੱਢਣ ਲਈ ਪ੍ਰਭਾਵਸ਼ਾਲੀ ਤਰੀਕੇ ਵਜੋਂ ਕਰ ਰਹੇ ਹਨ।

ਇਸ ਨੰਬਰ ਉਤੇ ਮਿਲੀਆਂ ਪ੍ਰਮਾਣਿਕ ਸ਼ਿਕਾਇਤਾਂ ਦੇ ਆਧਾਰ ਉਤੇ ਪੰਜਾਬ ਪੁਲਿਸ ਨੇ ਭ੍ਰਿਸ਼ਟ ਅਧਿਕਾਰੀਆਂ/ਕਰਮਚਾਰੀਆਂ ਤੇ ਹੋਰ ਦੋਸ਼ੀਆਂ ਖ਼ਿਲਾਫ਼ 28 ਐਫ.ਆਈ.ਆਰ. ਦਰਜ ਕੀਤੀਆਂ ਹਨ। ਮੁੱਖ ਮੰਤਰੀ ਦੀਆਂ ਹਦਾਇਤਾਂ ਉਤੇ ਵਿਜੀਲੈਂਸ ਨੇ ਹੁਣ ਤੱਕ ਪੁਲਿਸ ਦੇ ਇਕ ਸਬ-ਇੰਸਪੈਕਟਰ, ਅੱਠ ਸਹਾਇਕ ਸਬ-ਇੰਸਪੈਕਟਰਾਂ, ਤਿੰਨ ਹੌਲਦਾਰਾਂ, ਇਕ ਸਿਪਾਹੀ, ਹੋਮਗਾਰਡ ਦੇ ਇਕ ਜਵਾਨ, ਦੋ ਪਟਵਾਰੀਆਂ, ਇਕ ਕਲਰਕ, ਇਕ ਨੰਬਰਦਾਰ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਕ ਡੇਟਾ ਐਂਟਰੀ ਅਪਰੇਟਰ, ਸਰਕਾਰੀ ਆਈ.ਟੀ.ਆਈ. ਐਸ.ਏ.ਐਸ. ਨਗਰ ਦੇ ਇਕ ਪ੍ਰਿੰਸੀਪਲ, ਇਕ ਮੈਡੀਕਲ ਅਫ਼ਸਰ, ਇਕ ਡਿਵੀਜ਼ਨਲ ਜੰਗਲਾਤ ਅਫ਼ਸਰ ਅਤੇ ਜੁਡੀਸ਼ਲ ਵਿਭਾਗ ਦੇ ਸੰਮਨ ਭੇਜਣ ਵਾਲੇ ਸਟਾਫ਼ ਦੇ ਇਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰਾਂ ਮਾਈਨਿੰਗ ਕੇਸ ਵਿੱਚ 17 ਜਣਿਆਂ, ਪਟਵਾਰੀਆਂ ਦੇ ਚਾਰ ਸਹਾਇਕਾਂ ਤੇ ਇਕ ਜੰਗਲਾਤ ਠੇਕੇਦਾਰ ਨੂੰ ਭ੍ਰਿਸ਼ਟ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਫੜਿਆ ਗਿਆ ਹੈ। ਪੁਲਿਸ ਨੇ 21 ਜੂਨ 2022 ਤੱਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੁੱਲ 45 ਵਿਅਕਤੀਆਂ ਨੂੰ ਕਾਬੂ ਕੀਤਾ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਤਾਂ ਅਜੇ ਸ਼ੁਰੂਆਤ ਹੋਈ ਹੈ ਅਤੇ ਭ੍ਰਿਸ਼ਟ ਅਫਸਰਾਂ ਅਤੇ ਕਰਮਚਾਰੀਆਂ ਨੂੰ ਬਾਹਰ ਦਾ ਰਾਹ ਵਿਖਾ ਕੇ ਸਮੁੱਚੇ ਸਿਸਟਮ ਨੂੰ ਸਾਫ਼ ਕੀਤਾ ਜਾਵੇਗਾ। ਉਨਾਂ ਕਿਹਾ ਕਿ ਲੋਕਾਂ ਨੂੰ ਸਾਫ਼-ਸੁਥਰੀ, ਕਾਰਗਰ ਅਤੇ ਪਾਰਦਰਸ਼ੀ ਸਰਕਾਰ ਦੇਣ ਲਈ ਸ਼ਾਸਨ ਵਿੱਚੋਂ ਭ੍ਰਿਸ਼ਟਾਚਾਰ ਨੂੰ ਜੜੋਂ ਖਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਲੋਕਾਂ ਨੇ ਉਨਾਂ ਦੇ ਮੋਢਿਆਂ ਉਤੇ ਬਹੁਤ ਵੱਡੀ ਜ਼ਿੰਮੇਵਾਰੀ ਪਾਈ ਹੈ, ਜਿਸ ਕਰ ਕੇ ਪਾਰਦਰਸ਼ੀ ਅਤੇ ਜੁਆਬਦੇਹ ਪ੍ਰਸ਼ਾਸਨ ਦੇ ਕੇ ਲੋਕਾਂ ਦੀਆਂ ਉਮੀਦਾਂ ਉਤੇ ਖਰਾ ਉਤਰਨਾ ਉਨਾਂ ਦਾ ਫ਼ਰਜ਼ ਬਣਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲਾਮਿਸਾਲ ਕਾਰਵਾਈ ਇਹ ਦਰਸਾਉਂਦੀ ਹੈ ਕਿ ਸੂਬਾ ਸਰਕਾਰ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇਣ ਪ੍ਰਤੀ ਵਚਨਬੱਧ ਹੈ। ਉਨਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਜੰਗ ਉਸ ਵੇਲੇ ਹੀ ਖ਼ਤਮ ਹੋਵੇਗੀ, ਜਦੋਂ ਸੂਬੇ ਵਿੱਚੋਂ ਇਸ ਦਾ ਮੁਕੰਮਲ ਤੌਰ ਉਤੇ ਸਫਾਇਆ ਹੋ ਜਾਵੇਗਾ ਪਰ ਇਸ ਲਈ ਲੋਕਾਂ ਦਾ ਸਰਗਰਮ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਨੇਕ ਕਾਰਜ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਭਗਵੰਤ ਮਾਨ ਨੇ ਲੋਕਾਂ ਨੂੰ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਸੂਬਾ ਬਣਾਉਣ ਲਈ ਵਧ-ਚੜ ਕੇ ਸੂਬਾ ਸਰਕਾਰ ਦਾ ਸਹਿਯੋਗ ਕਰਨ ਦਾ ਸੱਦਾ ਦਿੱਤਾ।

# ਸੈਲਾਨੀ ਅਫਰੀਕਨ ਚੀਤਿਆਂ ਦਾ ਦੀਦਾਰ ਲੋਕੀਂ ਨਹੀਂ ਕਰ ਸਕਣਗੇ

ਗਵਾਲੀਅਰ, 23 ਜੂਨ (ਪੋਸਟ ਬਿਊਰੋ)- ਸ਼ਿਓਪੁਰ ਦੀ ਕੂਨੋ ਸੈਂਚੁਰੀ ਵਿੱਚ ਅਫਰੀਕਨ ਚੀਤਿਆਂ ਦੇ ਆਉਣ ਦੇ ਲਈ ਬੇਸਬਰੀ ਨਾਲ ਇੰਤਜ਼ਾਰ ਕਰਦੇ ਸੈਲਾਨੀਆਂ ਨੂੰ ਉਨ੍ਹਾਂ ਦੇ ਦੀਦਾਰ ਨਹੀਂ ਹੋ ਸਕਣਗੇ। ਤਿਆਰੀਆਂ ਨੂੰ ਦੇਖਦੇ ਹੋਏ ਕਿਹਾ ਜਾ ਰਿਹਾ ਹੈ ਕਿ ਚੀਤਿਆਂ ਨੂੰ ਇਸੇ ਸਾਲ ਲਿਆਂਦਾ ਜਾਏਗਾ, ਪ੍ਰੰਤੂ ਸੈਲਾਨੀ ਉਨ੍ਹਾਂ ਨੂੰ ਨਹੀਂ ਦੇਖ ਸਕਣਗੇ।

ਅਸਲ ਵਿੱਚ ਸਾਊਥ ਅਫਰੀਕਾ ਅਤੇ ਨਾਮੀਬੀਆ ਤੋਂ ਕੂਨੋ ਵਿੱਚ ਚੀਤਿਆਂ ਦੀ ਠਾਹਰ ਦੀਆਂ ਤਿਆਰੀਆਂ ਦੇਖਣ ਆਏ ਐਕਸਪਰਟਾਂ ਨੇ ਚੀਤਿਆਂ ਦੇ ਵਾੜੇ ਦੇ ਨੇੜੇ-ਤੇੜੇ ਸੈਲਾਨੀਆਂ ਦੀ ਐਂਟਰੀ ਬੰਦ ਰੱਖਣ ਦੀ ਸਿਫਾਰਸ਼ ਕੀਤੀ ਹੈ।ਐਕਸਪਰਟ ਨੇ ਕਿਹਾ ਹੈ ਕਿ ਕੂਨੋ ਵਿੱਚ ਚੀਤਿਆਂ ਨੂੰ ਜਿਸ ਤਰ੍ਹਾਂ ਪੰਜ ਵਰਗ ਕਿਲੋਮੀਟਰ ਦੇ ਐਨਕਲੋਜਰ (ਵਾੜੇ) ਵਿੱਚ ਰੱਖਿਆ ਜਾਏਗਾ, ਉਸ ਦੇ ਨੇੜੇ-ਤੇੜੇ ਨਾ ਸੈਲਾਨੀਆਂ ਦੀ ਐਂਟਰੀ ਦਿੱਤੀ ਜਾਏ ਅਤੇ ਨਾ ਇਸ ਲਈ ਕਿਸੇ ਵੀ ਸੈਲਾਨੀ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਜਾਏ। ਸੈਂਚੁਰੀ ਵਿੱਚ ਆਮ ਤੌਰ ਉੱਤੇ ਆਉਣ ਵਾਲੇ ਸੈਲਾਨੀ ਵੀ ਚੀਤਿਆਂ ਨੂੰ ਨਹੀਂ ਦੇਖ ਸਕਣਗੇ, ਕਿਉਂਕਿ ਐਕਸਪਰਟਾਂ ਨੇ ਚੀਤਿਆਂ ਲਈ ਬਣਾਏ ਵਾੜੇ ਦੀ ਫੈਂਸਿੰਗ ਨੂੰ ਗ੍ਰੀਨ ਮੇਟ ਨਾਲ ਕਵਰ ਕਰਨ ਦੀ ਵੀ ਸਿਫਾਰਸ਼ ਕੀਤੀ ਹੈ। ਅਫਰੀਕਨ ਐਕਸਪਰਟ ਨੇ ਕਿਹਾ ਹੈ ਕਿ ਦੂਰੋਂ ਚੀਤਿਆਂ ਦੀ ਫੈਂਸਿੰਗ ਨਜ਼ਰ ਨਹੀਂ ਆਏਗੀ ਅਤੇ ਜੇ ਗ੍ਰੀਨ ਮੇਟ ਨਾ ਲਾਈ ਤਾਂ ਉਹ ਫੈਂਸਿੰਗ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਲਈ ਉਨ੍ਹਾਂ ਨੂੰ ਗ੍ਰੀਨ ਮੇਟ ਲਾ ਕੇ ਇਹ ਅਹਿਸਾਸ ਕਰਾਇਆ ਜਾਏਗਾ ਕਿ ਫੈਂਸਿੰਗ ਦੇ ਬਾਅਦ ਕੁਝ ਨਹੀਂ। ਚੀਤਿਆਂ ਦੇ ਵਾੜੇ ਵਿੱਚ ਰਹਿਣ ਤਕ ਕਿਸੇ ਤਰ੍ਹਾਂ ਦੀ ਟੂਰਿਜ਼ਮ ਗਤੀਵਿਧੀ ਉੱਤੇ ਰੋਕ ਰਹਿਣ ਨਾਲ ਸੂਬੇ ਦੇ ਜੰਗਲਾਤ ਅਤੇ ਵਾਤਾਵਰਣ ਮੰਤਰਾਲੇ ਦੀਆਂ ਉਨ੍ਹਾਂ ਕੋਸ਼ਿਸ਼ਾਂ ਨੂੰ ਝਟਕਾ ਲੱਗੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Change of Name

I, Karan Prakash Singh, currently residing at 249 Tuscadero Crescent, Mississauga, Ontario, L4Z3C2 do hereby change my minor daughter's name from Anjleen Kaur to Kahlon, Anjleen Kaur with immediate effect. She is an Indian Passport holder No. R2561175, issued at Jalandhar, Punjab, India, on 06/06/2017.




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




Ameri-Can Systems
GURSHARAN BAJWA
647-289-5548
MICHELIN
MACROTECH
EVEREST TRANSPORTATION INC.
NMT
DIAMOND INSURANCE GROUP
BVD PETROLEUM
TIKKA JUNCTION PROUDLY PRESENTS
BVD Group
KING
Tikka Junction
United GROUP OF COMPANIES
ROADX
J.B TRANSPORT
capture
MIC ON
Raptors
GURNAM BHULLAR
GARRY SANDHU
JASMINE SANDLAS
SHARRY MAAN
NINJA
GURWINDER BRAR
NIRVAIR PANNU
AMAR SEHMBI
SIMAR DORAHA
BARBIE MAAN
PAVITAR LASSOI
THE 6TH ANNUAL
Canada Day Truck Show & Mela
JAGRAJ SIDHU
DEWINDER DHALIWAL
ON ENTRY GATE TICKET $30
2ND JULY 2022, SAT.
(ਕੈਨੇਡਾ ਦਾ ਸਭ ਤੋਂ ਵੱਡਾ ਪੰਜਾਬੀ ਮੇਲਾ)
Ticket $20
VENUE : BRAMPTON FAIRGROUNDS
HWY 410 & MAYFIELD 12942 HEART LAKE RD, CALEDON, ON L7C 2J3
POPULAR TIRE
HK
SARAI Trucking Ltd.
TRILLIUM
MetroX
Techspirit
TELUS
SWEET MAHAL AUTHENTIC INDIAN CUISINE
FRIENDS
BP
SMART TRUCK TRAINING ACADEMY
KING AIR
FREE PARKING
SPECIAL THANKS
DILSHAD PANNU , GAGGI BHULLAR, RAMAN SAHOTA, LOVE KHAIRA, HARJINDER DHALIWAL
HARVEER TAAJO, JASMAN JOHAL, SUKHMANDER BUTTAR, MEET AULAKH, BALWANT NIJJAR
CONTACT FOR MORE INFO
JAGRAJ SIDHU ( 416-302-3600), DEWINDER DHALIWAL ( 905-699-7006)
GRAB YOUR TICKETS FROM
DHILLON VIDEO
UPPAL TRAVEL
ROYAL VIDEO
INDIAN SWEET MASTER
ROYAL PAAN
INDIAN SWEET MASTER
BRAMPTON TV APPLIANCES
FRIENDS FURNITURE
TIKKA JUNCTION

# ਭਾਰਤੀ ਮੂਲ ਦੀ ਡਾ. ਆਰਤੀ ਪ੍ਰਭਾਕਰ ਅਮਰੀਕਾ ਦੇ ਰਾਸ਼ਟਰਪਤੀ ਦੀ ਪ੍ਰਮੁੱਖ ਵਿਗਿਆਨ ਸਲਾਹਕਾਰ ਬਣੀ



ਵਾਸ਼ਿੰਗਟਨ, 23 ਜੂਨ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਮੂਲ ਦੀ ਡਾ. ਆਰਤੀ ਪ੍ਰਭਾਕਰ ਨੂੰ ਆਪਣਾ ਪ੍ਰਮੁੱਖ ਵਿਗਿਆਨ ਸਲਾਹਕਾਰ ਬਣਾਇਆ ਹੈ। ਸੈਨੇਟ ਤੋਂ ਡਾਕਟਰ ਆਰਤੀ (63) ਨੂੰ ਮੰਜ਼ੂਰੀ ਮਿਲ ਗਈ ਤਾਂ ਉਹ ਆਫਿਸ ਆਫ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ (ਓਐੱਸਟੀਪੀ) ਦੀ ਡਾਇਰੈਕਟਰ ਬਣਨ ਵਾਲੀ ਪਹਿਲੀ ਮਹਿਲਾ, ਪਰਵਾਸੀ ਜਾਂ ਗੈਰ-ਗੋਰੀ ਵਿਅਕਤੀ ਹੋਣਗੇ। ਬਾਇਡਨ ਪ੍ਰਸ਼ਾਸਨਵਿੱਚ ਨਾਮਜ਼ਦ ਕੀਤੀ ਜਾ ਰਹੀ ਉਹ ਉੱਚ ਪੜ੍ਹੀ ਲਿਖੀ ਭਾਰਤਵੰਸ਼ੀ ਹੈ, ਜਿਸ ਦੇ ਕੰਮ ਦੀ ਪ੍ਰਸੰਸਾ ਹੋ ਰਹੀ ਹੈ।

ਜੋਅ ਬਾਇਡਨ ਨੇ ਮੰਗਲਵਾਰ ਨੂੰ ਕਿਹਾ, 'ਡਾ. ਪ੍ਰਭਾਕਰ ਇੱਕ ਬਿਹਤਰੀਨ ਤੇ ਸਨਮਾਨਿਤ ਇੰਜੀਨੀਅਰ ਦੇ ਨਾਲ ਅਪਲਾਈਡ ਫਿਜ਼ਿਕਸ ਦੀ ਵਿਗਿਆਨੀ ਹਨ। ਉਹ ਸਾਡੀਆਂ ਆਸਾਂ ਨੂੰ ਅੱਗੇ ਵਧਾਉਣ, ਮੁਸ਼ਕਲ ਚੁਣੌਤੀਆਂ ਹੱਲ ਕਰਨ, ਅਸੰਭਵ ਨੂੰ ਸੰਭਵ ਬਣਾਉਣ ਤੇ ਵਿਗਿਆਨ, ਟੈਕਨਾਲੋਜੀ ਤੇ ਨਵੀਨੀਕਰਨ ਦਾ ਲਾਭ ਉਠਾਉਣ ਲਈ ਐੱਸਟੀ ਪੀ ਦੀ ਅਗਵਾਈ ਕਰਨਗੇ।' ਸੈਨੇਟ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਡਾ. ਆਰਤੀ ਓਐੱਸਟੀਪੀਵਿੱਚ ਐਰਿਕ ਲੈਂਡਰ ਦੀ ਥਾਂ ਲੈਣਗੇ। ਉਹ ਵਿਗਿਆਨ ਤੇ ਟੈਕਨਾਲੋਜੀ ਮਾਮਲਿਆਂਵਿੱਚ ਰਾਸ਼ਟਰਪਤੀ ਦੀ ਮੁੱਖ ਸਲਾਹਕਾਰ ਤੇ ਉਨ੍ਹਾਂ ਦੀ ਕੈਬਨਿਟ ਦੀ ਮੈਂਬਰ ਹੋਣਗੇ। ਡਾ. ਆਰਤੀ ਨੇ 1993ਵਿੱਚਓਦੋਂ ਦੇ ਰਾਸ਼ਟਰਪਤੀ ਬਿਲ ਕਲਿੰਟਨ ਦੇ ਪ੍ਰਸ਼ਾਸਨਵਿੱਚ ਰਾਸ਼ਟਰੀ ਸਟੈਂਡਰਡ ਤੇ ਟੈਕਨਾਲੋਜੀ ਇੰਸਟੀਚਿਊਟ (ਐੱਨਆਈਐੱਸਟੀ) ਦੀ ਮੁਖੀ ਵਜੋਂ ਕੰਮ ਕੀਤਾ। ਉਹ ਐੱਨਆਈਐੱਸਟੀ ਦੀ ਮੁਖੀ ਬਣੀ ਪਹਿਲੀ ਮਹਿਲਾ ਸਨ। 30 ਜੁਲਾਈ 2012 ਤੋਂ 20 ਜਨਵਰੀ 2017 ਤਕ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਜਵਿੱਚ ਉਹ ਡਿਫੈਂਸ ਐਡਵਾਂਸ ਰਿਸਰਚ ਪ੍ਰਰਾਜੈਕਟਸ ਏਜੰਸੀ (ਡੀਏਆਰਪੀਏ) ਦੀ ਡਾਇਰੈਕਟਰ ਰਹੀ ਹੈ। ਡਾ. ਆਰਤੀ ਦਾ ਜਨਮ ਦਿੱਲੀਵਿੱਚ ਹੋਇਆ ਤੇ ਤਿੰਨ ਸਾਲ ਦੀ ਉਮਰਵਿੱਚ ਅਮਰੀਕਾ ਚੱਲੀ ਗਈ ਸੀ।ਉਸ ਦੀ ਮੁੱਢਲੀ ਸਿੱਖਿਆ ਟੈਕਸਾਸਵਿੱਚ ਹੋਈ। ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਅਪਲਾਇਡ ਫਿਜ਼ੀਕਸਵਿੱਚ ਪੀਐੱਚਡੀ ਕਰਨ ਵਾਲੀ ਉਹ ਪਹਿਲੀ ਮਹਿਲਾ ਹਨ।










Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
2000 sq feet ਦਾ Semi-Detached ਘਰ
4 ਬੈਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
ਸਟੇਨਲੇਸ ਸਟੀਲ ਉਪਕਰਨ
ਫਨਿਸ਼ਡ ਬੇਸਮੈਂਟ
ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
ਕੁਆਰਟਜ਼ ਕਾਊਂਟਰ ਟੌਪ
ਮਾਸਟਰ ਬੈਡਰੂਮ ਵਿੱਚ 4 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
2500 - 3000 sq feet
Detach ਘਰ, ਡਬਲ ਡੋਰ ਐਂਟਰੀ
4 ਬੈਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
ਮਾਸਟਰ ਬੈਡਰੂਮ ਵਿੱਚ 5 ਪੀਸੀਐਸ ਐਨ ਸੂਟ ਅਤੇ ਵਾਕ ਇਨ ਅਲਮਾਰੀ
ਸਟੇਨਲੇਸ ਸਟੀਲ ਉਪਕਰਨ
ਹਾਈਵੇਅ 403 ਦੇ ਨੇੜੇ
SOLD
WILLIAMS PKWY / CENTRE ST
SOLD
WILLIAMS PKWY / ROYAL ORCHARD
SOLD
QUEEN ST / DIXIE RD
SOLD
SANDALWOOD / BRAIDWOOD LAKE
SOLD
HOWDEN BLVD / WILLIAM PKWY
SOLD
QUEEN ST / MCLAUGHLIN
SOLD
HWY 10 / BOVAID DR
SOLD
GOREWAY DR / QUEEN ST E
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


BRAMPTON CELEBRATES
CANADA DAY
JULY 1, 2022 • NOON-10PM
CHINGUACOUSY PARK
FUN, FAMILY ACTIVITIES
INFLATABLES
FOOD VENDORS
BEER GARDEN
SPECTACULAR FIREWORKS DISPLAY
PRESENTED BY
Tim Hortons
WATER RE-FILL STATIONS PRESENTED BY
Meridian
GENEROUSLY SPONSORED BY
alectra
Bell
Coca-Cola Canada Bottling Limited
Brampton's Local bottler
Kwality
SWEETS & RESTAURANT
GRAND INDIAN BUFFET
NOFRILLS
simplii FINANCIAL
brampton.ca/canadaday
KARDINAL OFFISHALL
SNOTTY NOSE REZ KIDS
Funded by the Government of Canada
Canada
BRAMPTON


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017